ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 22 ਜਨਵਰੀ 2024 (ਨਾਨਕਸ਼ਾਹੀ ਸੰਮਤ : ੫੫੪, ੯ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਹਿੰਦੂ ਨਹੀਂ

# ਸਿੱਖਾਂ ਨੇ ਸ਼ੁਰੂ ਕੀਤਾ ਸੀ ਰਾਮ ਮੰਦਰ ਦਾ ਅੰਦੋਲਨ

**ਲਖਨਊ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਕੀ ਤੁਸੀਂ ਜਾਣਦੇ ਹੋ ਕਿ ਰਾਮ ਮੰਦਰ ਅੰਦੋਲਨ ਕਿਸੇ ਹਿੰਦੂ ਨੇ ਨਹੀਂ ਸਗੋਂ ਸਿੱਖਾਂ ਨੇ ਸ਼ੁਰੂ ਕੀਤਾ ਸੀ। ਇਸ ਆਧਾਰ 'ਤੇ ਸੁਪਰੀਮ ਕੋਰਟ ਨੇ 2019 'ਚ ਸਵੀਕਾਰ ਕੀਤਾ ਸੀ ਕਿ ਪਹਿਲਾਂ ਮਸਜਿਦ ਦੀ ਥਾਂ 'ਤੇ ਮੰਦਰ ਸੀ। ਇਸ ਗੱਲ ਦਾ ਖੁਲਾਸਾ ਦੇਸ਼ ਦੇ ਪ੍ਰਸਿੱਧ ਇਤਿਹਾਸਕਾਰ ਡਾਕਟਰ ਰਵੀ ਭੱਟ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਗੁਰੂ ਨਾਨਕ ਦੇਵ ਜੀ ਹਰਿਦੁਆਰ ਤੋਂ ਪੁਰੀ ਜਾ ਰਹੇ ਸਨ ਤਾਂ ਉਹ ਅਯੁੱਧਿਆ ਵਿਚ ਰੁਕੇ ਸਨ। ਉਹ ਰਾਮ ਮੰਦਰ ਵੀ ਗਏ ਅਤੇ ਉੱਥੇ ਮੌਜੂਦ ਇਕ ਦਰੱਖਤ ਹੇਠਾਂ ਤਪੱਸਿਆ ਕੀਤੀ। ਉਹ ਸਬੂਤ ਅੱਜ ਵੀ ਮੌਜੂਦ ਹਨ।



**14 ਦਿਨਾਂ ਤੱਕ ਬਾਬਰੀ ਮਸਜਿਦ 'ਤੇ ਕੀਤਾ ਸੀ ਕਬਜ਼ਾ :** ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਅਯੁੱਧਿਆ ਜਾ ਚੁੱਕੇ ਹਨ ਅਤੇ ਉਨ੍ਹਾਂ ਨੇ ਵੀ ਉਥੇ ਮੰਦਰ ਵਿਚ ਦਰਸ਼ਨ ਕੀਤੇ ਸਨ। ਇਸ ਤੋਂ ਬਾਅਦ ਕਹਾਣੀ ਸ਼ੁਰੂ ਹੁੰਦੀ ਹੈ ਕਿ ਬਾਬਰ 1526 ਵਿਚ ਭਾਰਤ ਆਇਆ ਅਤੇ ਉਸ ਦੇ ਹੁਕਮ 'ਤੇ 1528 ਵਿਚ ਉਸ ਦੇ ਸਹਾਇਕ ਮੀਰ ਨੇ ਅਯੁੱਧਿਆ ਵਿਚ ਮੰਦਰ ਨੂੰ ਢਾਹ ਕੇ ਇਕ ਮਸਜਿਦ ਬਣਵਾਈ। ਸੰਨ 1556 ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਮੰਦਰ ਅਤੇ ਮਸਜਿਦ ਨੂੰ ਲੈ ਕੇ ਝਗੜਾ ਹੋ ਗਿਆ ਸੀ। ਫਿਰ 1858 ਵਿਚ ਪਹਿਲੀ ਵਾਰ ਸਿੱਖਾਂ ਦਾ ਇਕ ਸਮੂਹ ਸੀ, ਜਿਸ ਨੂੰ 'ਨਿਹੰਗ ਸਿੱਖ' ਕਹਿੰਦੇ ਹਨ, ਉਨ੍ਹਾਂ ਦੇ ਪ੍ਰਮੁੱਖ ਬਾਬਾ ਫਕੀਰ ਸਿੰਘ ਖਾਲਸਾ ਨੇ ਨਵੰਬਰ ਮਹੀਨੇ ਵਿਚ ਆਪਣੇ 25 ਸਾਥੀਆਂ ਨਾਲ ਬਾਬਰੀ ਮਸਜਿਦ ਵਿਚ ਦਾਖਲ ਹੋ ਕੇ ਇਸ 'ਤੇ ਕਬਜ਼ਾ ਕਰ ਲਿਆ ਸੀ। ਉਨ੍ਹਾਂ ਨੇ 14 ਦਿਨਾਂ ਤੱਕ ਇਸ 'ਤੇ ਕਬਜ਼ਾ ਕਰ ਰੱਖਿਆ ਸੀ ਅਤੇ ਇਸ ਦੌਰਾਨ ਬਾਬਾ ਫਕੀਰ ਸਿੰਘ ਖਾਲਸਾ ਨੇ ਮਸਜਿਦ 'ਚ ਦਾਖ਼ਲ ਹੁੰਦੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਾਂ ਨਾਅਰੇ ਲਗਾਏ ਹੀ ਸਨ, ਨਾਲ ਹੀ ਰਾਮ ਦੇ ਵੀ ਜੈਕਾਰੇ ਲਗਾਏ ਸਨ ਅਤੇ ਪੂਰੀਆਂ ਕੰਧਾਂ 'ਤੇ ਉਨ੍ਹਾਂ ਨੇ ਰਾਮ ਨਾਮ ਲਿਖ ਦਿੱਤਾ ਸੀ।

**ਬਾਬਾ ਫਕੀਰ ਸਿੰਘ ਖਾਲਸਾ ਨੇ ਹਵਨ ਕਰਵਾਇਆ :** ਡਾ: ਰਵੀ ਭੱਟ ਨੇ ਦੱਸਿਆ ਕਿ ਮਸਜਿਦ 'ਚ ਪ੍ਰਵੇਸ਼ ਕਰਨ ਤੋਂ ਬਾਅਦ ਨਿਹੰਗ ਸਿੱਖ ਬਾਬਾ ਫਕੀਰ ਸਿੰਘ ਖਾਲਸਾ ਨੇ ਮਸਜਿਦ ਵਿਚ ਟੋਆ ਪੁੱਟਿਆ, ਉੱਥੇ ਹਵਨ ਕੁੰਡ ਬਣਾਇਆ ਅਤੇ ਹਵਨ ਕੀਤਾ। ਇਸ ਦੌਰਾਨ ਉਸ ਦੇ 25 ਸਾਥੀ ਮਸਜਿਦ ਦੇ ਬਾਹਰ ਪਹਿਰਾ ਦੇ ਰਹੇ ਸਨ। ਇੰਨਾ ਹੀ ਨਹੀਂ ਬਾਬਾ ਫਕੀਰ ਸਿੰਘ ਖਾਲਸਾ ਨੇ ਉਥੇ ਭਗਵਾਨ ਸ਼੍ਰੀ ਰਾਮ ਦੀ ਤਸਵੀਰ ਵੀ ਲਗਾ ਦਿੱਤੀ ਸੀ।

**ਸਿੱਖਾਂ ਖ਼ਿਲਾਫ਼ ਦਰਜ ਹੋਈ ਸੀ ਐੱਫ.ਆਈ.ਆਰ :** ਇਤਿਹਾਸਕਾਰ ਡਾਕਟਰ ਰਵੀ ਭੱਟ ਨੇ ਦੱਸਿਆ ਕਿ ਪਹਿਲੀ ਐੱਫ.ਆਈ.ਆਰ. 28 ਨਵੰਬਰ ਨੂੰ ਦਰਜ ਕੀਤੀ ਗਈ ਸੀ। ਉਸ ਸਮੇਂ ਅਵਧ ਦੇ ਪੁਲਸ ਸਟੇਸ਼ਨ ਅਧਿਕਾਰੀ ਸ਼ੀਤਲ ਦੂਬੇ ਨੇ ਸਿੱਖਾਂ ਖ਼ਿਲਾਫ਼ ਪਹਿਲੀ ਐਫ.ਆਈ.ਆਰ. ਦਰਜ ਕੀਤੀ ਸੀ। ਇਸ ਤੋਂ ਬਾਅਦ ਸਿੱਖਾਂ ਨੂੰ ਇਕ ਨੋਟਿਸ ਦਿੱਤਾ ਗਿਆ ਕਿ ਉਹ ਮਸਜਿਦ ਤੋਂ ਬਾਹਰ ਆ ਜਾਣ ਤਾਂ ਸਿੱਖ ਬਾਹਰ ਆ ਗਏ ਸਨ ਪਰ ਮਸਜਿਦ ਦੇ ਬਾਹਰ ਹੀ 2 ਸਾਲ ਤੱਕ ਖੜ੍ਹੇ ਰਹੇ ਸਨ ਅਤੇ ਜਦੋਂ ਵੀ ਮਸਜਿਦ ਵਿਚ ਅਜ਼ਾਨ ਹੁੰਦੀ ਸੀ ਤਾਂ ਸਾਰੇ ਸਿੱਖ ਇਕੱਠੇ ਹੋ ਕੇ ਸ਼ੰਖ ਵਜਾਉਂਦੇ ਸਨ।

**ਸਾਰੀ ਜਾਣਕਾਰੀ ਸੁਪਰੀਮ ਕੋਰਟ ਦੇ ਹੁਕਮਾਂ ਵਿਚ ਹੈ :** ਇਤਿਹਾਸਕਾਰ ਨੇ ਦੱਸਿਆ ਕਿ ਉਸ ਨੇ ਜੋ ਪੂਰੀ ਜਾਣਕਾਰੀ ਦਿੱਤੀ ਹੈ, ਉਹ ਅਸਲ ਵਿਚ ਸੁਪਰੀਮ ਕੋਰਟ ਦੇ ਹੁਕਮਾਂ ਵਿਚ ਲਿਖੀ ਗਈ ਹੈ, ਜਦੋਂ ਉਨ੍ਹਾਂ ਨੇ ਮੰਨਿਆ ਸੀ ਕਿ ਮਸਜਿਦ ਦੀ ਜਗ੍ਹਾ ਮੰਦਰ ਸੀ। ਉਸੇ ਆਧਾਰ 'ਤੇ ਅੱਜ ਮੰਦਰ ਬਣ ਰਿਹਾ ਹੈ।

# ਅਯੁੱਧਿਆ 'ਚ ਨਿਹੰਗ ਸਿੰਘਾਂ ਨੇ ਸਾਂਭਿਆ ਮੋਰਚਾ, ਸੰਗਤ ਲਈ ਲਗਾ ਦਿੱਤਾ ਲੰਗਰ

**ਚੰਡੀਗੜ੍ਹ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਯੁੱਧਿਆ ਵਿਚ ਰਾਮਲੱਲਾ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਵਿਚ ਨਿਹੰਗ ਬਾਬਾ ਬਾਬਾ ਫਕੀਰ ਸਿੰਘ ਦੇ ਅੱਠਵੇਂ ਵੰਸ਼ਜ ਬਾਬਾ ਹਰਜੀਤ ਸਿੰਘ ਰਸੂਲਪੁਰ ਨੇ ਲੰਗਰ ਸੇਵਾ ਸ਼ੁਰੂ ਕਰ ਦਿੱਤੀ ਹੈ। ਦਰਅਸਲ ਸਾਲ 1858 ਦੇ ਨਵੰਬਰ ਮਹੀਨੇ ਵਿਚ ਨਿਹੰਗ ਬਾਬਾ ਫਕੀਰ ਸਿੰਘ ਦੀ ਅਗਵਾਈ ਵਿਚ 25 ਨਿਹੰਗ ਸਿੰਘਾਂ (ਸਿੱਖਾਂ) ਨੇ ਬਾਬਰੀ ਮਸਜਿਦ ਦੇ ਢਾਂਚੇ 'ਤੇ ਕਬਜ਼ਾ ਕਰਕੇ ਇਸ ਵਿਚ ਹਵਨ ਕੀਤਾ ਸੀ, ਨਾਲ ਹੀ ਕੰਧਾਂ 'ਤੇ ਰਾਮ-ਰਾਮ ਲਿਖਿਆ ਅਤੇ ਭਗਵੇਂ ਝੰਡੇ ਵੀ ਲਗਾਏ। ਇਸ ਤੋਂ ਬਾਅਦ ਉਨ੍ਹਾਂ ਖ਼ਿਲਾਫ ਬਾਬਰੀ ਮਸਜਿਦ ਦੇ ਅਧਿਕਾਰੀ ਦੀ ਸ਼ਿਕਾਇਤ 'ਤੇ ਅਵਧ ਵਿਚ ਥਾਣੇਦਾਰ ਵਲੋਂ 30 ਨਵੰਬਰ 1858 ਐੱਫ. ਆਈ. ਆਰ. ਦਰਜ ਕੀਤੀ ਗਈ। ਨਿਹੰਗ ਬਾਬਾ ਫਕੀਰ ਸਿੰਘ ਦੇ ਅੱਠਵੇਂ ਵੰਸ਼ਜ ਬਾਬਾ ਹਰਜੀਤ ਸਿੰਘ ਰਸੂਲਪੁਰ ਦਾ ਕਹਿਣਾ ਹੈ ਕਿ ਉਪਰੋਕਤ ਇਤਿਹਾਸਕ ਘਟਨਾ ਰਾਮ ਮੰਦਰ ਸਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ ਵਿਚ ਵੀ ਅਹਿਮ ਸਬੂਤ ਵਜੋਂ ਦਰਜ ਹੈ। ਬਾਬਾ ਹਰਜੀਤ ਸਿੰਘ ਨੇ ਕਿਹਾ ਕਿ ਹੁਣ ਜਦੋਂ 22 ਜਨਵਰੀ, 2024 ਨੂੰ ਸ੍ਰੀ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਜਾ ਰਹੀ ਹੈ ਤਾਂ ਉਹ ਆਪਣੇ ਨਿਹੰਗ ਸਿੰਘ ਸਾਥੀਆਂ ਨਾਲ ਅਯੁੱਧਿਆ ਵਿਖੇ ਲੰਗਰ ਲਾ ਕੇ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਦੀ ਸੇਵਾ ਕਰਨਗੇ। ਬਾਬਾ ਹਰਜੀਤ ਸਿੰਘ ਨੇ ਕਿਹਾ ਕਿ ਨਿਹੰਗ ਸਿੰਘ ਹੋਣ ਦੇ ਨਾਤੇ ਉਨ੍ਹਾਂ ਦੀ ਸਨਾਤਨ ਧਰਮ ਵਿਚ ਓਨੀ ਹੀ ਆਸਥਾ ਹੈ, ਜਿੰਨੀ ਸਿੱਖ ਧਰਮ ਵਿਚ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਨਿਹੰਗ ਸਿੰਘਾਂ ਅਤੇ ਸਨਾਤਨ ਵਿਚਾਰਧਾਰਾ ਵਿਚਕਾਰ ਤਾਲਮੇਲ ਕਾਇਮ ਰੱਖਦਿਆਂ ਉਨ੍ਹਾਂ ਨੂੰ ਕਈ ਵਾਰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਇਕ ਪਾਸੇ ਉਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਦੂਜੇ ਪਾਸੇ ਆਪਣੇ ਗਲੇ ਵਿਚ ਰੁਦਰਾਕਸ਼ ਦੀ ਮਾਲਾ ਵੀ ਪਹਿਨੀ ਹੋਈ ਹੈ। ਜਥੇਦਾਰ ਬਾਬਾ ਹਰਜੀਤ ਸਿੰਘ ਨੇ ਕਿਹਾ ਕਿ ਜਦੋਂ ਵੀ ਦੇਸ਼ ਅਤੇ ਧਰਮ ਨੂੰ ਉਨ੍ਹਾਂ ਦੀ ਲੋੜ ਪਵੇਗੀ ਤਾਂ ਉਹ ਅਤੇ ਉਨ੍ਹਾਂ ਦਾ ਪਰਿਵਾਰ ਕਦੇ ਵੀ ਪਿੱਛੇ ਨਹੀਂ ਹਟੇਗਾ।



# ਜਲੰਧਰ 'ਚ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਗੈਂਗਸਟਰਾਂ ਦਾ ਪੁਲਸ ਨੇ ਕੀਤਾ ਐਨਕਾਊਂਟਰ



**ਜਲੰਧਰ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਕਮਿਸ਼ਨਰੇਟ ਪੁਲਸ ਅਤੇ ਗੈਂਗਸਟਰਾਂ ਵਿਚਾਲੇ ਸਵੇਰੇ ਤੜਕੇ ਜ਼ਬਰਦਸਤ ਮੁੱਠਭੇੜ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਜਲੰਧਰ ਕਮਿਸ਼ਨਰੇਟ ਪੁਲਸ ਅਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਗੈਂਗਸਟਰਾਂ ਵਿਚਾਲੇ ਭਾਰੀ ਗੋਲੀਬਾਰੀ ਹੋਈ ਹੈ। ਪੁਲਸ ਨੇ ਐਨਕਾਊਂਟਰ ਤੋਂ ਬਾਅਦ ਦੋ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਲੰਧਰ ਦੇ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਵਿਚ ਹੋਏ ਇਸ ਆਪ੍ਰੇਸ਼ਨ ਦੌਰਾਨ ਦੋਵੇਂ ਗੈਂਗਸਟਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਸੂਤਰਾਂ ਮੁਤਾਬਕ ਦੋਵੇਂ ਗੈਂਗਸਟਰ ਕਤਲ, ਸੁਪਾਰੀ ਕਿਲਿੰਗ ਅਤੇ ਨਸ਼ੇ ਦੀ ਤਸਕਰੀ ਵਿਚ ਸ਼ਾਮਲ ਸਨ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਆਪ੍ਰੇਸ਼ਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਵੇਂ ਗੈਂਗਸਟਰ ਕਈ ਅਪਰਾਧਕ ਤੇ ਗੰਭੀਰ ਮਾਮਲਿਆਂ ਵਿਚ ਸ਼ਾਮਲ ਸਨ। ਪੁਲਸ ਨੇ ਜਦੋਂ ਇਨ੍ਹਾਂ ਨੂੰ ਘੇਰਾ ਪਾਇਆ ਤਾਂ ਇਨ੍ਹਾਂ ਨੇ ਪੁਲਸ 'ਤੇ ਗੋਲੀ ਚਲਾ ਦਿੱਤੀ ਜਿਸ ਤੋਂ ਬਾਅਦ ਪੁਲਸ ਦੀ ਜਵਾਬੀ ਕਾਰਵਾਈ ਵਿਚ ਦੋਵੇਂ ਮੁਲਜ਼ਮ ਜ਼ਖਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮਾਂ ਨੇ ਦੋ ਟਾਰਗੇਟ ਕਿਲਿੰਗ ਕਰਨੀ ਸੀ, ਜਿਸ ਲਈ ਉਹ ਲਾਰੈਂਸ ਬਿਸ਼ਨੋਈ ਦੇ ਮੁੱਖ ਗੈਂਗਸਟਰ ਲੱਕੀ ਦੇ ਸੰਪਰਕ ਵਿੱਚ ਸਨ। ਲੱਕੀ ਅਮਰੀਕਾ ਬੈਠ ਕੇ ਗੈਂਗ ਚਲਾ ਰਿਹਾ ਹੈ। ਨਿਤਿਨ ਅਤੇ ਆਸ਼ੀਸ਼ ਖ਼ਿਲਾਫ਼ ਕਰੀਬ 9 ਅਪਰਾਧਿਕ ਮਾਮਲੇ ਦਰਜ ਹਨ। ਲੱਕੀ ਉਹੀ ਦੋਸ਼ੀ ਹੈ, ਜਿਸ ਨੇ ਸਿੱਧੂ ਮੂਸੇਵਾਲਾ ਦੇ ਦੋ ਕਾਤਲਾਂ ਨੂੰ ਹੁਸ਼ਿਆਰਪੁਰ 'ਚ ਲੁਕਾਇਆ ਸੀ। ਮੁਲਜ਼ਮਾਂ ਕੋਲੋਂ ਦੋ ਪਿਸਤੌਲ ਬਰਾਮਦ ਹੋਏ ਹਨ, ਜੋਕਿ ਟਾਰਗੇਟ ਕਿਲਿੰਗ ਵਿੱਚ ਵਰਤੇ ਜਾਣੇ ਸਨ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਫੜਨ ਲਈ ਤੜਕੇ ਹੀ ਜਾਲ ਵਿਛਾ ਦਿੱਤਾ ਸੀ ਅਤੇ 9.30 ਵਜੇ ਜਦੋਂ ਮੁਲਜ਼ਮਾਂ ਨੇ ਪੁਲਸ ਨੂੰ ਵੇਖਿਆ ਤਾਂ ਉਨ੍ਹਾਂ ਨੇ ਆਈ-20 ਕਾਰ ਦੇ ਅੰਦਰੋਂ ਗੋਲ਼ੀਆਂ ਚਲਾ ਦਿੱਤੀਆਂ। ਦੱਸਿਆ ਜਾ ਰਿਹਾ ਹੈ ਕਿ ਮੌਕੇ 'ਤੇ 9 ਗੋਲ਼ੀਆਂ ਚਲਾਈਆਂ ਗਈਆਂ ਪਰ ਜਲਦ ਹੀ ਹੋਰ ਸੱਚਾਈ ਸਾਹਮਣੇ ਆ ਸਕਦੀ ਹੈ। ਜ਼ਿਕਰਯੋਗ ਹੈ ਕਿ ਸੀ. ਆਈ. ਏ. ਸਟਾਫ਼ ਨੂੰ ਸੂਚਨਾ ਮਿਲੀ ਸੀ ਕਿ ਐਤਵਾਰ ਸਵੇਰੇ ਬਿਸ਼ਨੋਈ ਗਰੁੱਪ ਦੇ ਦੋ ਗੈਂਗਸਟਰ ਇਕ ਕਾਰ ਵਿੱਚ ਜਲੰਧਰ ਵਿੱਚ ਘੁੰਮ ਰਹੇ ਹਨ ਅਤੇ ਵਡਾਲਾ ਚੌਂਕ ਰਾਹੀਂ ਨਾਖਾ ਵਾਲੇ ਬਾਗ ਇਲਾਕੇ ਵਿੱਚ ਜਾ ਰਹੇ ਹਨ। ਅਜਿਹੇ 'ਚ ਪੁਲਸ ਕਮਿਸ਼ਨਰ ਦੀ ਅਗਵਾਈ 'ਚ ਸੀ. ਆਈ. ਏ. ਸਟਾਫ਼ ਦੇ ਇੰਚਾਰਜ ਸੁਰਿੰਦਰ ਕੁਮਾਰ ਨੇ ਆਪਣੀ ਟੀਮ ਨਾਲ ਟਰੈਪ ਲਗਾਇਆ।

ਆਵਾਜ਼ਿ ਕੌਮ

Daily Newspaper from U.K.

Publisher/Chief Editor

Raghbir Singh Walsal

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

# ਦਲ ਖਾਲਸਾ ਨੇ ਫਰਾਂਸ ਦੇ ਰਾਸ਼ਟਰਪਤੀ ਨੂੰ ਲਿਖਿਆ ਪੱਤਰ

## ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ




**ਅੰਮ੍ਰਿਤਸਰ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਦਲ ਖਾਲਸਾ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੂੰ ਇਕ ਪੱਤਰ ਭੇਜ ਕੇ ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਅਪੀਲ ਕੀਤੀ ਹੈ ਕਿ ਉਹ ਆਪਣੀ ਭਾਰਤ ਫੇਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਨ੍ਹਾਂ ਸਮੱਸਿਆਵਾਂ ਦੇ ਹੱਲ ਵਾਸਤੇ ਗੱਲਬਾਤ ਕਰਨ। ਰਾਸ਼ਟਰਪਤੀ ਇਮੈਨੂਅਲ ਮੈਕਰੌਂ 26 ਜਨਵਰੀ ਨੂੰ ਭਾਰਤ ਦੇ 75ਵੇਂ ਗਣਤੰਤਰ ਦਿਵਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਨ। ਇਹ ਪੱਤਰ ਦਲ ਖਾਲਸਾ ਵੱਲੋਂ ਭਾਰਤ ਵਿਚ ਫਰਾਂਸ ਦੇ ਰਾਜਦੂਤ ਰਾਹੀਂ ਰਾਸ਼ਟਰਪਤੀ ਮੈਕਰੋਨ ਨੂੰ ਭੇਜਿਆ ਗਿਆ ਹੈ। ਪੱਤਰ ਵਿਚ ਦਲ ਖਾਲਸਾ ਦੇ ਸਿਆਸੀ ਮਾਮਲਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਮੰਗ ਕੀਤੀ ਹੈ ਕਿ ਫਰਾਂਸ ਦੇ ਰਾਸ਼ਟਰਪਤੀ ਹੁਣ ਜਦੋਂ ਭਾਰਤ ਆ ਰਹੇ ਹਨ ਤਾਂ ਨਵੀਂ ਦਿੱਲੀ ਫੇਰੀ ਦੌਰਾਨ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਦੇਸ਼ੀ ਧਰਤੀ 'ਤੇ ਖੁਫੀਆ ਏਜੰਸੀਆਂ ਵੱਲੋਂ ਸਿੱਖਾਂ ਦੇ ਮਿੱਥ ਕੇ ਕੀਤੇ ਜਾ ਰਹੇ ਕਤਲ, ਮਨੁੱਖੀ ਅਧਿਕਾਰਾਂ ਦੀ ਬਹਾਲੀ, ਮੁਲਕ ਅੰਦਰ ਬੰਦੀਆਂ ਲਈ ਨਿਯਮਾਂ ਅਤੇ ਕਾਨੂੰਨਾਂ ਨੂੰ ਇਕਸਾਰਤਾ ਨਾਲ ਲਾਗੂ ਕਰਨ ਅਤੇ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਨੂੰ ਸੰਯੁਕਤ ਰਾਸ਼ਟਰ ਦੇ ਇਕਰਾਰਨਾਮਿਆਂ ਅਨੁਸਾਰ ਸਵੈ-ਨਿਰਣੇ ਦਾ ਅਧਿਕਾਰ ਦੇਣ ਸਬੰਧੀ ਮੁੱਦਿਆਂ 'ਤੇ ਗੱਲਬਾਤ ਕਰਨ। ਜਥੇਬੰਦੀ ਨੇ ਫਰਾਂਸ ਵਿਚ ਦਸਤਾਰ ਅਤੇ ਪਛਾਣ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਸਮੱਸਿਆ ਹੱਲ ਕਰਨ 'ਤੇ ਵੀ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਮੌਜੂਦਾ ਹਕੂਮਤ ਦੀਆਂ ਫਾਸ਼ੀਵਾਦੀ ਨੀਤੀਆਂ ਕਾਰਨ ਜਬਰ ਤੇ ਸੰਤਾਪ ਝੱਲ ਰਹੀ ਘੱਟ ਗਿਣਤੀ ਸਿੱਖ ਕੌਮ 26 ਜਨਵਰੀ ਨੂੰ 'ਕਾਲੇ ਗਣਤੰਤਰ ਦਿਵਸ' ਵਜੋਂ ਮਨਾਵੇਗੀ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਅਵਤਾਰ ਪੁਰਬ

**ਦਸਵੇਂ ਪਾਤਸ਼ਾਹ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।**

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜ਼ੇ ਤੱਕ ਇਸ ਭੋਗ ਪੈਣ ਉਪਰੰਤ ਦੀਵਾਨ ਸੱਜਣਗੇ

**ਬੁੱਧਵਾਰ 17 ਜਨਵਰੀ ਸ਼ਾਮ ਨੂੰ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ**

- ਸ਼ਨੀਵਾਰ 20 ਜਨਵਰੀ 2024 ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ।
- ਐਤਵਾਰ 21 ਜਨਵਰੀ 10 ਵਜੇ ਤੋਂ 12:30 ਦੀਵਾਨ ਸਜਣਗੇ।

ਕਥਾ ਵਾਚਕ ਗਿਆਨੀ ਜਾਨਪਾਲ ਸਿੰਘ ਜੀ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

- ਗੁਰੂ ਕਾ ਲੰਗਰ ਅਤੁੱਟ ਵਰਤੇਗਾ
- ਸਟਾਲ ਵੀ ਲੱਗਣਗੇ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।

☛ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ਆਪਣਾ ਕੀਮਤੀ ਸਮਾਂ ਕੱਢਕੇ ਸ਼ਹੀਦੀ ਅਸਥਾਨ ਤੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

# ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਯਾਤਰੀ ਨਿਵਾਸ ਦੀ ਬਹੁਮੰਜ਼ਲੀ ਇਮਾਰਤ ਜਲਦੀ ਹੀ ਸੰਗਤਾਂ ਨੂੰ ਸਮਰਪਿਤ ਹੋਵੇਗੀ - ਡਾ. ਵਿਜੇ ਸਤਬੀਰ ਸਿੰਘ

**ਚੌਕ ਮਹਿਤਾ**, 21 **ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ, ਗੁਰਦੁਆਰਾ ਸ੍ਰੀ ਲੰਗਰ ਸਾਹਿਬ ਕਾਰਸੇਵਾ ਵਾਲੇ ਮਹਾਂਪੁਰਖ ਸੰਤ ਬਾਬਾ ਨਰਿੰਦਰ ਸਿੰਘ ਜੀ ਸੰਤ ਬਾਬਾ ਬਲਵਿੰਦਰ ਸਿੰਘ ਅਤੇ ਗੁਰਦੁਵਾਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਸੁਪਰਡੈਂਟ ਸ. ਠਾਨ ਸਿੰਘ ਬੁੰਗਈ ਜੀ ਨੇ ਸਾਂਝੇ ਤੌਰ 'ਤੇ ਸੰਗਤ ਦੀ ਹਾਜ਼ਰੀ ਵਿੱਚ ਮਹਾਰਾਜਾ ਰਣਜੀਤ ਸਿੰਘ ਯਾਤਰੀ ਨਿਵਾਸ ਦੀ ਨਵੀਂ ਇਮਾਰਤ ਦੀ ਲੈਂਟਰ ਦੀ ਸੇਵਾ ਦਾ ਕੰਮ ਅਰਦਾਸ ਕਰ ਕੇ ਕੀਤੀ ਸ਼ੁਰੂਆਤ ਇਸ ਬਹੁਮੰਜ਼ਲੀ ਯਾਤਰੀ ਨਿਵਾਸ ਦੀ ਸੇਵਾ ਸੰਤ ਬਾਬਾ ਨਰਿੰਦਰ ਸਿੰਘ ਜੀ ਸੰਤ ਬਾਬਾ ਬਲਵਿੰਦਰ ਸਿੰਘ ਜੀ ਨੂੰ ਸੌਂਪੀ ਗਈ ਹੈ ਇਸ ਮੌਕੇ ਮਹਾਂਪੁਰਸ਼ਾਂ ਨੇ ਕਿਹਾ ਕਿ ਇਹ ਸੇਵਾ ਕਰਨਾ ਸਾਡੇ ਲਈ ਬੜੇ ਵੱਡੇ ਭਾਗਾਂ ਦੀ ਗੱਲ ਹੈ ਅਤੇ ਇਹ ਇਮਾਰਤ ਬਹੁਤ ਜਲਦ ਤਿਆਰ ਕਰਕੇ ਗੁਰਦੁਆਰਾ ਸੱਚਖੰਡ ਬੋਰਡ ਨੂੰ ਸੌਂਪ ਦਿੱਤੀ ਜਾਵੇਗੀ ਇਸ ਮੌਕੇ ਡਾ. ਵਿਜੇ ਸਤਬੀਰ ਸਿੰਘ ਜੀ ਸਾਬਕਾ ਆਈ.ਏ.ਐਸ. ਨੇ ਦਸਿਆ ਕਿ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੀ ਸ਼ਹਿਰੀ ਸੰਗਤ ਤੋਂ ਜਿਆਦਾ ਗਿਣਤੀ ਸਾਧਾਰਨ ਪਿੰਡਾਂ ਤੋਂ ਆਉਣ ਵਾਲੀ ਸੰਗਤ ਦੀ ਹੁੰਦੀ ਹੈ। ਇਸ ਨਵੇਂ ਬਣਨ ਵਾਲੇ ਬਹੁ ਮੰਜ਼ਲੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਯਾਤਰੀ ਨਿਵਾਸ ਦੇ ਤਕਰੀਬਨ 400 ਕਮਰੇ ਹੋਣਗੇ ਅਤੇ ਜਿਨ੍ਹਾਂ ਵਿੱਚ ਏ.ਸੀ. ਅਤੇ ਨਾਨ ਏ.ਸੀ. ਕਮਰੇ ਵੀ ਹੋਣਗੇ ਹਰ ਮੰਜ਼ਲ 'ਤੇ ਰਿਹਾਇਸ਼ੀ ਆਧੁਨਿਕ ਕਮਰਿਆਂ ਤੋਂ ਇਲਾਵਾ ਹਾਲ ਤੇ ਵੱਖਰੇ ਬਾਥਰੂਮਾਂ ਦੀ ਉਚਿਤ ਸੁਵਿੱਧਾ ਹੋਵੇਗੀ ਗਰਾਊਂਡ ਫਲੋਰ 'ਤੇ ਪਾਰਕਿੰਗ ਦੀ ਸੁਚੱਜੀ ਵਿਵਸਥਾ, ਵਿਸ਼ਾਲ ਆਧੁਨਿਕ ਗਠੜੀ ਘਰ, ਪੁਰਸ਼ਾਂ/ਔਰਤਾਂ ਲਈ ਵੱਖਰੇ ਵੱਖਰੇ ਸਾਫ ਸੁਥਰੇ ਬਾਥਰੂਮ, ਟਾਇਲਟ ਆਦਿ ਵੀ ਹੋਣਗੇ ਇਸ ਨਾਲ ਆਮ ਸਾਧਾਰਨ ਯਾਤਰੂਆਂ ਨੂੰ ਬੜੀ ਵੱਡੀ ਸੁਵਿਧਾ ਹੋਵੇਗੀ। ਇਸ ਮੌਕੇ ਸ੍ਰ: ਠਾਨ ਸਿੰਘ ਜੀ ਬੁੰਗਈ ਸੁਪਰਡੈਂਟ,ਅਤੇ ਹੋਰ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

24 SERVICE EVERYDAY HOURS

PURE AND NATURAL 100% VEGETARIAN PURE AND NATURAL

Enjoy Real Taste of PUNJAB

KD

FULLY A.C. HALL

Khehra VAISHNO DHABA

BREAKFAST
LUNCH
DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

ਪੰਜਾਬੀ

ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

www.damdamitaksal.net

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI

# ਐਸ ਜੀ ਪੀ ਸੀ ਦੀਆਂ ਵੋਟਾਂ ਬਣਾਉਣ ਲਈ ਕੈਂਪ ਲਗਾਉਣ ਤੇ ਗੁਰਪ੍ਰੀਤ ਸਿੰਘ ਚਾਹਤ ਨੇ ਕੀਤਾ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ




**ਚੌਕ ਮਹਿਤਾ, 21 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਰਡ ਨੰਬਰ 44 ਆਬਾਦੀ ਕੋਟ ਪਾਲਾ ਸਿੰਘ, ਕੋਟ ਮੰਗਲ ਸਿੰਘ ਵਿਖੇ ਡੋਰ ਟੂ ਡੋਰ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਸੰਬਧ ਵਿੱਚ ਵੋਟਾਂ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਇਸ ਮੌਕੇ ਉਹਨਾ ਨਾਲ ਬੂਥ ਪੱਧਰ ਦੇ ਅਫ਼ਸਰ ਵੀ ਮੌਜੂਦ ਸਨ ਇਸ ਮੌਕੇ ਗੁਰਪ੍ਰੀਤ ਸਿੰਘ ਚਾਹਤ ਮੈਂਬਰ ਖਾਲਸਾ ਸਹਾਈ ਸੰਸਥਾ ਨੇ ਏ ਡੀ ਸੀ ਅਮਨਦੀਪ ਕੌਰ, ਪੀ ਏ ਦਿਨੇਸ਼ ਸੂਦ, ਨਗਰ ਨਿਗਮ ਕਮਿਸ਼ਨਰ, ਮੁੱਖ ਪ੍ਰੁੱਡਾ ਅਧਿਕਾਰੀ ਦਾ ਧੰਨਵਾਦ ਕੀਤਾ ਜਿਨ੍ਹਾਂ ਅੰਮ੍ਰਿਤਸਰ ਦੀਆਂ ਵੋਟਾਂ ਨੂੰ ਸੁੱਚਜੇ ਢੰਗ ਨਾਲ ਬਣਵਾਉਣ ਤੇ ਕੈਂਪ ਲਗਾਏ ਗਏ ਇਸ ਮੌਕੇ ਇਲਾਕ.ਾ ਨਿਵਾਸੀ ਹਾਜ਼ਰ ਸਨ

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਧੁਰਕੀ ਸਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ ਕਿਰਤ ਕਰੋ ਵੰਡ ਛੱਕੋ
Naam Japo Kirat Karo Vand Shako
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446

ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote





### ਵੋਟਰਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਲਈ

# ਹਰ ਸਾਲ 25 ਜਨਵਰੀ ਨੂੰ ਵੋਟਰ ਦਿਵਸ ਮਨਾਇਆ ਜਾਂਦਾ ਹੈ

ਭਾਰਤ ਤੇ ਬਹੁਤ ਸਾਰੀਆਂ ਵਿਦੇਸ਼ੀ ਸਕਤੀਆਂ ਨੇ ਰਾਜ ਕੀਤਾ, ਅਖੀਰ ਵਿੱਚ ਅੰਗਰੇਜਾਂ ਨੇ ਭਾਰਤ ਤੇ ਰਾਜ ਕੀਤਾ ਪਰ 15 ਅਗਸਤ 1947 ਨੂੰ ਭਾਰਤ ਅੰਗਰੇਜਾਂ ਦੀ ਗੁਲਾਮੀ ਤੋ ਅਜ਼ਾਦ ਹੋਇਆ। ਫੇਰ ਭਾਰਤ ਨੇ ਆਪਣਾ ਸੰਵਿਧਾਨ ਬਣਾ ਕੇ ਦੇਸ਼ ਦੀ ਤਰੱਕੀ ਤੇ ਵਿਕਾਸ ਕਰਨਾ ਸੁਰੂ ਕੀਤਾ। ਇਹ ਸੰਵਿਧਾਨ ਬਣਾਉਣ ਲਈ ਸੰਵਿਧਾਨ ਕਮੇਟੀ ਦੇ ਲਗਭਗ 389 ਮੈਂਬਰਾਂ ਦੀ ਸਖਤ ਮਿਹਨਤ ਨਾਲ ਬਣਾਇਆ ਗਿਆ। ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਕੀਤੀ ਗਈ। ਭਾਰਤ ਦਾ ਸੰਵਿਧਾਨ ਵੀ ਇੰਗਲੈਂਡ ਦੇ ਸੰਵਿਧਾਨ ਨਾਲ ਕਾਫੀ ਮਿਲਦਾ ਜੁਲਦਾ ਹੈ।

**ਵੋਟਰ ਦਿਵਸ 2024 ਅਤੇ ਅਗਾਮੀ ਚੋਣਾਂ 2024 ਤੇ ਵਿਸ਼ੇਸ਼**

ਭਾਰਤੀ ਸੰਵਿਧਾਨ ਲਿਖਣਾ ਜੁਲਾਈ 1946 ਵਿੱਚ ਸੂਰੂ ਕੀਤਾ ਗਿਆ ਅਤੇ ਸੰਵਿਧਾਨ ਲਿਖਣ ਲਈ ਲਗਭਗ 2 ਸਾਲ 11 ਮਹੀਨੇ 18 ਦਿਨ ਲੱਗੇ। ਇਹ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਜਿਸ ਅਨੁਸਾਰ ਦੇਸ਼ ਦੇ ਵਿਕਾਸ ਲਈ ਕੇਂਦਰ ਸਰਕਾਰ ਤੇ ਬਾਕੀ ਰਾਜ ਸਰਕਾਰਾਂ ਚੁਣੀਆਂ ਜਾਂਦੀਆਂ ਹਨ। ਇਸ ਸਾਰੇ ਦੇਸ਼ ਦੇ ਸਾਰੇ ਸਿਸਟਮ ਦੀ ਜਿੰਦਜਾਨ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਹੁੰਦੀ ਹੈ, ਇਹ ਸਰਕਾਰ ਸੂਝਵਾਨ ਵੋਟਰਜ਼ ਆਪਣੀ ਮਤ ਅਨੁਸਾਰ ਚੁਣਦੇ ਹਨ। ਭਾਰਤੀ ਸੰਵਿਧਾਨ ਦੇ ਅਨੁਛੇਦ 324 ਅਨੁਸਾਰ ਚੋਣ ਕਮਿਸ਼ਨ ਦੇ ਕੰਮਾਂ ਸਬੰਧੀ ਵਿਵਸਥਾ ਕੀਤੀ ਗਈ ਹੈ। ਮਤਲਬ ਕਿ ਇਸ ਅਨੁਸਾਰ ਹੀ ਭਾਰਤ ਵਿੱਚ ਚੋਣਾਂ ਕਰਵਾਈਆਂ ਜਾਂਦੀਆਂ ਹਨ। ਜਿਸ ਅਨੁਸਾਰ ਭਾਰਤੀ ਚੋਣ ਆਯੋਗ ਵੋਟਰਜ਼ ਨੂੰ ਜਾਗਰੂਕ ਕਰਨ ਦਾ ਕੰਮ ਬਾਖੂਬੀ ਕਰ ਰਿਹਾ ਹੈ ਤਾਂ ਕਿ ਹਰੇਕ ਮਤਦਾਨ ਵਿੱਚ ਮਤਦਾਤਾਵਾਂ ਦੀ ਭਾਗੀਦਾਰੀ ਨੂੰ ਵਧਾਇਆ ਜਾ ਸਕੇ। ਸੰਨ 1952 ਵਿੱਚ ਪਹਿਲੀਆਂ ਲੋਕ ਸਭਾ ਚੋਣਾਂ ਕਰਵਾਈਆਂ ਗਈਆਂ, ਸਾਲ 2019 ਵਿੱਚ 17ਵੀਂ ਲੋਕ ਸਭਾ ਚੋਣਾਂ ਕਰਵਾਈਆਂ ਗਈਆਂ ਤੇ ਹੁਣ 2024 ਵਿੱਚ ਅਗਲੇਰੀਆਂ ਲੋਕ ਸਭਾ ਚੋਣ ਹੋਣ ਜਾ ਰਹੀ ਹੈ। ਸਾਲ 1952 ਵਿੱਚ 17.32 ਕਰੋੜ ਮਤਦਾਤਾ ਸਨ ਤੇ ਚੋਣਾਂ ਵਿੱਚ ਭਾਗੀਦਾਰੀ 61.7 ਪ੍ਰਤੀਸ਼ਤ ਸੀ। ਸੰਨ 2019 ਵਿੱਚ 89.60 ਕਰੋੜ ਮਤਦਾਤਾ ਸਨ ਤੇ ਚੋਣਾਂ ਵਿੱਚ ਭਾਗੀਦਾਰੀ 67.11 ਪ੍ਰਤੀਸ਼ਤ ਰਹੀ ਹੈ। ਇਹਨਾਂ ਮਤਦਾਤਾਵਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਭਾਰਤੀ ਚੋਣ ਕਮਿਸ਼ਨ ਕਈ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਕਰਵਾਉਂਦਾ ਰਹਿੰਦਾ ਹੈ ਤਾਂ ਕਿ ਵੋਟਰਾਂ ਨੂੰ ਜਾਗਰੂਕ ਕਰਕੇ ਮਤਦਾਨ ਵਿੱਚ ਭਾਗੀਦਾਰੀ ਵਧਾਈ ਜਾਵੇ ਅਤੇ ਹਰ ਵੋਟਰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਵੇ। ਇਲੈਕਸ਼ਨ ਕਮਿਸ਼ਨ ਹਰ ਪੱਧਰ ’ਤੇ ਹਰ ਸੰਭਵ ਯਤਨ ਕਰਕੇ ਵੋਟਰਜ਼ ਨੂੰ ਜਾਗਰੂਕ ਕਰ ਵੀ ਰਿਹਾ ਹੈ। ਜਿਸ ਦੀ ਸਭ ਤੋਂ ਵੱਡੀ ਉਦਾਹਰਨ ਇਹ ਹੈ ਕਿ ਕਮਿਸ਼ਨ ਹਰ ਸਾਲ ਵੋਟਰਜ਼ ਨੂੰ ਜਾਗਰੂਕ ਕਰਨ ਲਈ ਬਹੁਤ ਸਾਰੇ ਪ੍ਰੋਗਰਾਮ ਕਰਵਾਉਂਦਾ ਹੈ ਜਿਹਨਾਂ ਵਿੱਚੋਂ ਹਰ ਸਾਲ 25 ਜਨਵਰੀ ਵੋਟਰ ਦਿਵਸ ਮਨਾਇਆ ਜਾਂਦਾ ਹੈ। ਨੈਸ਼ਨਲ, ਰਾਜ, ਜ਼ਿਲ੍ਹਾ, ਤਹਿਸੀਲ, ਬਲਾਕ, ਪਿੰਡ ਸ਼ਹਿਰ ਅਤੇ ਇੱਥੋਂ ਤੱਕ ਕਿ ਹਰ ਬੂਥ ਲੈਵਲ ’ਤੇ ਵੋਟਰ ਦਿਵਸ ਮਨਾਉਣ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ ਤਾਂ ਕਿ ਹਰ ਵੋਟਰਜ਼ ਤੱਕ ਪਹੁੰਚ ਕਰਕੇ ਵੋਟਰਜ਼ ਨੂੰ ਜਾਗਰੂਕ ਕੀਤਾ ਜਾ ਸਕੇ। ਇਸ ਕੰਮ ਲਈ ਕਮਿਸ਼ਨ ਹਰ ਸਾਲ ਸਮੇਂ-ਸਮੇਂ ਵੋਟਰਜ਼ ਦੇ ਲੱਗਣ ਵਾਲੇ ਕੈਂਪਾਂ ਦੀ ਸਪੀਕਰਾਂ ਰਾਹੀਂ ਅਨਾਊਸਮੈਂਟ ਕਰਵਾਉਂਦਾ ਹੈ, ਸਾਰੇ ਫਾਰਮਾਂ ਨ ਭਰਨ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ, ਵੋਟਰਜ਼ ਜਾਗਰੂਕਤਾ ਲਈ ਹਰ ਖੇਤਰ ਵਿੱਚ ਕਈ ਪ੍ਰਕਾਰ ਦੀਆਂ ਵੈਨਾਂ ਭੇਜ ਕੇ ਸਾਰੇ ਇਲਾਕਿਆਂ ਦੇ ਪਿੰਡਾਂ ਸ਼ਹਿਰਾਂ ਵਿੱਚ ਇਸ ਵੈਨ ਦੇ ਰਾਹੀਂ ਵੋਟਰਜ਼ ਜਾਗਰੂਕਤਾ ਦੇ ਵੀਡੀਓਜ਼ ਵਿਖਾਏ ਜਾਂਦੇ ਹਨ, ਪੋਸਟਰ ਲਗਵਾਏ ਜਾਂਦੇ ਹਨ, ਇਲਾਕੇ ਦੀਆਂ ਸੰਸਥਾਵਾਂ ਵਿੱਚ ਪੋਸਟਰ, ਸਲੋਗਨ, ਨੁੱਕੜ ਨਾਟਕ, ਪੇਟਿੰਗਜ਼ ਮੁਕਾਬਲੇ ਕਰਵਾਏ ਜਾਂਦੇ ਹਨ, ਵੋਟਰਜ਼ ਜਾਗਰੂਕਤਾ ਰੈਲੀਆਂ ਕਢਵਾਈਆਂ ਜਾਂਦੀਆਂ ਹਨ, ਭੀੜ ਵਾਲੀਆਂ ਅਤੇ ਸਪੈਸ਼ਲ ਥਾਵਾਂ ’ਤੇ ਕਈ ਕਈ ਦਿਨ ਡੈਸਕ ਲਗਵਾ ਕੇ ਵੋਟਰਜ਼ ਨੂੰ ਜਾਗਰੂਕ ਕੀਤਾ ਜਾਂਦਾ ਹੈ, ਵੱਖ-ਵੱਖ ਸੰਸਥਾਵਾਂ ਵਿੱਚ ਜਾ ਕੇ ਵਿਸ਼ੇਸ ਲੈਕਚਰ ਦਿੱਤੇ ਜਾਂਦੇ ਹਨ, ਅਖ਼ਬਾਰਾਂ, ਮੈਗਜ਼ੀਨਾਂ ਆਦਿ ਵਿੱਚ ਆਰਟੀਕਲ ਛਪਵਾ ਕੇ ਅਤੇ ਸੋਸ਼ਲ ਮੀਡੀਆ ’ਤੇ ਵੋਟਰਜ਼ ਜਾਗਰੂਕਤਾ ਦੇ ਵੀਡੀਓਜ਼ ਸ਼ੇਅਰ ਕਰਕੇ ਹਰ ਵੋਟਰਜ਼ ਤੱਕ ਪਹੁੰਚ ਕੀਤੀ ਜਾਂਦੀ ਹੈ। ਇਹਨਾਂ ਵੀਡੀਓਜ ਵਿੱਚ ਦੇਸ਼ ਦੀਆਂ ਮਹਾਨ ਸਖ਼ਸੀਅਤਾਂ ਨੂੰ ਹੀ ਲਿਆ ਜਾਂਦਾ ਹੈ ਤੇ ਬੁਲਵਾਇਆ ਜਾਂਦਾ ਹੈ ਤਾਂ ਕਿ ਵੋਟਰਜ਼ ਵੀਡੀਓ ਵੇਖਣ ਲਈ ਆਕ੍ਰਿਸ਼ਤ ਹੋਣ। ਲਗਭਗ ਹਰ ਸਾਲ 25 ਜਨਵਰੀ ਨੂੰ ਵੋਟਰ ਦਿਵਸ਼ ਮਨਾਇਆ ਜਾਂਦਾ ਹੈ, ਟੋਲ ਫਰੀ ਨੰਬਰ 1950 ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਆਦਿ ਰਾਹੀਂ ਇਲੈਕਸ਼ਨ ਕਮਿਸ਼ਨ ਹਰ ਮੁਹੱਲੇ, ਗਲੀ, ਘਰ-ਘਰ ਅਤੇ ਵੋਟਰਜ਼ ਨੂੰ ਜਾਗਰੂਕ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਕਮਿਸ਼ਨ ਹਰ ਪੱਧਰ ’ਤੇ ਵੋਟਰਜ਼ ਦਿਵਸ ਮਨਾ ਕੇ ਵੋਟਰਜ਼ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਵੋਟਰਜ਼ ਜਾਗਰੂਕਤਾ ਦੇ ਪ੍ਰੋਗਰਾਮ ਵਿੱਚ ਵਧੀਆ ਕੰਮ ਕਰਨ ਵਾਲੇ ਮਾਨਯੋਗ ਅਤੇ ਸਤਿਕਾਰਯੋਗ ਅਫ਼ਸਰਾਂ, ਸੁਪਰਵਾਈਜ਼ਰਾਂ, ਬੀ ਐਲ ਓਜ਼, ਯੂਥ ਵੋਟਰਜ਼ ਅਤੇ ਵੱਖ-ਵੱਖ ਪੱਧਰ ’ਤੇ ਵਧੀਆ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤਾਂ ਕਿ ਵੋਟਰਜ਼ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਇਸ ਦਿਵਸ ਸਬੰਧੀ ਪਿੰਡਾਂ ਸ਼ਹਿਰਾਂ ਆਦਿ ਵਿੱਚ ਵੱਡੇ-ਵੱਡੇ ਫਲੈਕਸ਼ ਲਗਾ ਕੇ, ਟੀਵੀ, ਸਿਨੇਮਾਂ, ਰੇਡੀਓ, ਅਖਬਾਰਾਂ, ਮੈਗਜ਼ੀਨਾਂ ਰਾਹੀ ਅਗਾਊਂ ਜਾਣਕਾਰੀ ਵੀ ਦਿੱਤੀ ਜਾਂਦੀ ਹੈ ਤਾਂ ਕਿ ਹਰ ਪੱਧਰ ’ਤੇ 25 ਜਨਵਰੀ ਵਾਲੇ ਦਿਨ ਵੋਟਰ ਦਿਵਸ਼ ਦੀ ਮਹਾਨਤਾ ਹਰ ਵੋਟਰ ਤੱਕ ਪਹੁੰਚ ਸਕੇ, ਖਾਸ ਤੌਰ ’ਤੇ ਇਸ ਸਬੰਧੀ ਜੇਕਰ ਪੰਜਾਬ ਜਾਂ ਬਠਿੰਡਾ ਜ਼ਿਲ੍ਹੇ ਦੀ ਗੱਲ ਕੀਤੀ ਜਾਵੇ ਤਾਂ ਜ਼ਿਲ੍ਹੇ ਦੇ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ, ਜ਼ਿਲ੍ਹਾ ਚੋਣ ਦਫ਼ਤਰ, ਹਰ ਪੱਧਰ ਦੀਆਂ ਸਵੀਪ ਟੀਮਾਂ, ਜ਼ਿਲ੍ਹੇ ਦੇ ਸਾਰੇ ਐਸ ਡੀ ਐਮ ਸਾਹਿਬਾਨ, ਸੁਪਰਵਾਈਜ਼ਰ ਅਤੇ ਬੀ ਐਲ ਓਜ਼ ਬਾਖੂਬੀ ਇਸ ਦਿਵਸ ਨੂੰ ਮਨਾਉਣ, ਜਾਗਰੂਕ ਕਰਨ ਅਤੇ ਇਲੈਕਸ਼ਲ ਕਮਿਸ਼ਨ ਦੇ ਸਮੇਂ-ਸਮੇਂ ’ਤੇ ਚੱਲ ਰਹੇ ਵੋਟਰਜ਼ ਜਾਗਰੂਕਤਾ ਪ੍ਰੋਗਰਾਮਾਂ ਅਤੇ ਵੋਟਰਾਂ ਦੇ ਅਧਿਕਾਰਾਂ ਸਬੰਧੀ ਜਾਗਰੂਕ ਕੀਤਾ ਜਾਂਦਾ ਹੈ। ਆਓ ਆਪਾਂ ਸਾਰੇ ਪ੍ਰਣ ਕਰੀਏ ਕਿ ਆਉਣ ਵਾਲੀਆਂ ਅਗਾਮੀ ਚੋਣਾਂ ਵਿੱਚ ਮਤਦਾਨ ਕਰਕੇ ਅਸੀਂ ਆਪਣੇ ਫ਼ਰਜ ਨੂੰ ਨਿਭਾਵਾਂਗੇ। ਭਾਰਤੀ ਚੋਣ ਕਮਿਸ਼ਨ ਦੇ ਉਦੇਸ਼ ਨੂੰ ਪੂਰਾ ਕਰਕੇ ਦੇਸ਼ ਦੀ ਸਰਕਾਰ ਚੁਣ ਕੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਵਾਂਗੇ।






ਆਵਾਜ਼ਿ ਕੌਮ AWAZE QAUM International Newspaper & WEB TV

**-ਮੋਤੀ ਰਾਮ, ਸੁਪਰਵਾਈਜ਼ਰ**
**ਸੈਕਟਰ- 10, 093 ਦਿਹਾਤੀ (ਬਠਿੰਡਾ)**
**ਮੁਬਾ- 9417114600**
**ਪੇਸ਼ਕਸ਼: ਗੁਰਜੰਟ ਸਿੰਘ ਨਥੇਹਾ**




**ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਾਰੇ ਪੰਜਾਬ ਦੇ ਟੂਲ ਪਲਾਜੇ**

# ਕੁੱਝ ਘੰਟਿਆ ਲਈ ਕੀਤੇ ਫਰੀ—ਬਲਵਿੰਦਰ ਸਿੰਘ ਮੈਂਬਰ ਕੌਮੀ ਇਨਸਾਫ ਮੋਰਚਾ

ਫ਼ਿਰੋਜ਼ਪੁਰ, 21 ਜਨਵਰੀ (ਮਨੋਹਰ ਲਾਲ) :— ਬੰਦੀ ਸਿੰਘਾਂ ਦੀ ਰਿਹਾਈ ਲਈ ਅੱਜ ਫ਼ਿਰੋਜ਼ਸ਼ਾਹ ਦਾ ਟੋਲ ਪਲਾਜਾ ਫਰੀ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬਲਵਿੰਦਰ ਸਿੰਘ ਮੈਂਬਰ ਕੌਮੀ ਇਨਸਾਫ ਮੋਰਚਾ ਦੱਸਿਆ ਕਿ ਸੈਂਟਰ ਸਰਕਾਰ ਦੀ ਹਕੂਮਤ ਨੇ ਜਦੋਂ ਸਿੱਖਾਂ ਦੀ ਸਿਰਮੌਰ ਧਾਰਮਿਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਵਿੱਚ ਸਿਧੀ ਦਖਲਅੰਦਾਜ਼ੀ ਕਰਨੀ ਸੁਰੂ ਕਰ ਦਿੱਤੀ ਤੇ ਗੁਰਦੁਆਰਾ ਸਾਹਿਬਾਨ ਆਪਣੇ ਅਧੀਨ ਕਰਨ ਲਈ



ਆਪਣੀ ਵਾਹ ਲਾ ਦਿੱਤੀ ਤਾਂ ਸਿੱਖ ਕੌਮ ਦੇ ਯੋਧਿਆਂ ਨੇ ਕੇਂਦਰ ਸਰਕਾਰ ਦੀ ਜਾਲਮ ਸਰਕਾਰ ਦਾ ਮੂੰਹ ਮੋੜ ਕੇ ਦੱਸ ਦਿੱਤਾ ਸਿੱਖ ਕੌਮ ਜਿਉਂਦੀ ਹੈ ਤੇ ਸਿੱਖ ਕੌਮ ਦੀ ਜਮੀਰ ਵੀ ਕਾਇਮ ਹੈ ਉਦੋਂ ਤੋਂ ਲੈ ਕੇ ਸੈਂਟਰ ਸਰਕਾਰ ਨੇ ਆਏ ਦਿਨ ਪੰਜਾਬ ਸਿਰ ਕੋਈ ਨਾ ਕੋਈ ਮੁਸੀਬਤ ਖੜੀ ਕਰੀ ਰੱਖੀ। ਉਨ੍ਹਾਂ ਕਿਹਾ ਕਿ ਇਕ ਭਾਰਤ ਦੇ ਵਾਸੀ ਕਾਨੂੰਨ ਦੋ—ਦੋ ਕਿਉਂ, ਕਿਸੇ ਲਈ ਹੋਰ ਸਿੱਖਾਂ ਲਈ ਹੋਰ ਸਿੱਖ ਆਪਣੇ ਹੱਕ ਮੰਗਣ ਤਾਂ ਰੋਲਾ ਕੋਈ ਹੋਰ ਗੱਲ ਕਰੇ ਤਾਂ ਸਰਕਾਰਾਂ ਚੁੱਪ ਤੇ ਸਾਡੇ ਕਈ ਸਿੱਖ ਆਗੂਆਂ ਨੇ ਸਿੱਖਾਂ ਦੇ ਹਮਦਰਦੀ ਦਸ ਕੇ ਸਤਾ ਭੋਗੀਆ ਪਰ ਕਿਸੇ ਨੇ ਬੰਦੀ ਸਿੰਘਾਂ ਦੀ ਗੱਲ ਨਹੀਂ ਕੀਤੀ ਨਾ ਸੈਂਟਰ ਸਰਕਾਰਾਂ ਤੇ ਦਬਾ ਬਣਾਇਆ ਜਿਹੜੇ ਸਿੰਘਾਂ ਨੇ ਸਿੱਖ ਕੌਮ ਅਤੇ ਗੁਰੂ ਸਾਹਿਬਾਨ ਦੇ ਉਪਦੇਸ ਨੂੰ ਮੰਨ ਕੇ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਸਰਕਾਰਾਂ ਨੇ ਸਜਾ ਦਿੱਤੀਆਂ, ਉਹ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ, ਪਰ ਸਰਕਾਰਾਂ ਉਨਾ ਨੂੰ ਰਿਹਾਅ ਨਹੀਂ ਕਰ ਰਹੀਆਂ। ਮੈਂਬਰ ਕੌਮੀ ਇਨਚਾਰਜ ਮੋਰਚਾ ਬਲਵਿੰਦਰ ਸਿੰਘ ਨੇ ਕਿਹਾ ਕਿ ਸਰਕਾਰਾਂ ਉਨ੍ਹਾਂ ਨੂੰ ਅਪਰਾਧੀ ਕਹਿ ਰਹੀਆਂ ਹਨ, ਪਰ ਅਸਲ ਵਿਚ ਉਹ ਬੰਦੀ ਸਿੰਘ ਪੂਰੇ ਸਿੱਖ ਜਗਤ ਦੇ ਹੀਰੋ ਬਣ ਚੁੱਕੇ ਹਨ ਉਨ੍ਹਾਂ ਦੀ ਰਿਹਾਈ ਲਈ ਅੱਜ ਪੂਰੇ ਪੰਜਾਬ ਦੇ ਟੋਲ ਪਲਾਜੇ ਕੁੱਝ ਘੰਟਿਆ ਲਈ ਫਰੀ ਕਰਕੇ ਸਰਕਾਰਾਂ ਨੂੰ ਸੰਕੇਤ ਦਿੱਤਾ ਕਿ ਸਮਝ ਜਾਉ ਨਹੀਂ ਤਾਂ ਇਹ ਅੰਦੋਲਨ ਬਹੁਤ ਵੱਡਾ ਹੋ ਜਾਵੇਗਾ, ਜ਼ੋ ਸਰਕਾਰਾ ਤੋਂ ਸਾਂਭਣਾ ਔਖਾ ਹੋ ਜਾਉ। ਉਨ੍ਹਾਂ ਕਿਹਾ ਕਿ ਅੱਜ ਸਾਰੇ ਪੰਜਾਬ ਵਿੱਚ ਭਾਰਤੀ ਕਿਸਾਨ ਯੂਨੀਅਨ ਖੋਸਾ ਅਤੇ ਹੋਰ ਬਹੁਤ ਕਿਸਾਨ ਯੂਨੀਅਨਾਂ ਦਾ ਕੌਮੀ ਸਿੱਖ ਇਨਸਾਫ ਮੋਰਚੇ ਦੀ ਹਮਾਇਤ ਵਿਚ ਖੁੱਲ ਕੇ ਆਉਣਾ ਬਹੁਤ ਵੱਡਾ ਸੰਕੇਤ ਹੈ। ਗੱਲਬਾਤ ਕਰਦਿਆਂ ਬਲਵਿੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਦੀ ਰਾਖੀ ਲਈ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ, ਪੰਜਾਬ ਸਰਕਾਰ ਵਿਧਾਨ ਸਭਾ ਵਿੱਚ 2016 ਅਤੇ 218 ਵਿੱਚ ਇਸ ਕਾਨੂੰਨ ਨੂੰ ਦੋ ਵਾਰ ਪਾਸ ਕਰ ਚੁੱਕੀ ਹੈ ਪ੍ਰੰਤੂ ਕੇਂਦਰ ਦੀ ਸਰਕਾਰ ਇਸ ਕਾਨੂੰਨ ਨੂੰ ਪ੍ਰਵਾਨਗੀ ਨਾ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ ਦਾ ਇਨਸਾਫ ਦੇਣ ਲਈ ਆਨਾ ਕਾਨੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਸਖਤ ਕਾਨੂੰਨ ਫੌਰੀ ਤੌਰ ਤੇ ਲਾਗੂ ਕਰਨਾ ਚਾਹੀਦਾ ਹੈ ਅਤੇ ਬੇਅਦਬੀਆਂ ਪਿਛਲੀ ਸਾਜਿਸ਼ ਨੂੰ ਬੇਨਕਾਬ ਕਰਨ ਲਈ ਪੰਜਾਬ ਸਰਕਾਰ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਕੇਡਰ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਿਸ ਵਿਚ ਪਰਮਜੀਤ ਸਿੰਘ ਭੁੱਲਰ ਜਿਲਾ ਪ੍ਰਧਾਨ ਫਿਰੋਜਪੁਰ, ਮਨਜੀਤ ਸਿੰਘ ਔਲਖ ਸੂਬਾ ਮੀਤ ਪ੍ਰਧਾਨ ਪੰਜਾਬ, ਜਸਬੀਰ ਸਿੰਘ ਢੋਲੇਵਾਲ ਸੂਬਾ ਮੀਤ ਪ੍ਰਧਾਨ ਪੰਜਾਬ, ਭਗਵਾਨ ਸਿੰਘ ਦੜਿਆਲਾ ਚੇਅਰਮੈਨ ਪੰਜਾਬ, ਸੁਰਜੀਤ ਸਿੰਘ ਸੱਗੂ ਜਿਲਾ ਖਜ਼ਾਨਚੀ, ਚਰਨਜੀਤ ਸਿੰਘ ਗਿੱਲ ਬਲਾਕ ਪ੍ਰਧਾਨ ਫਿਰੋਜਪੁਰ, ਬਲਜੀਤ ਸਿੰਘ ਇਕਾਈ ਪ੍ਰਧਾਨ ਝੋਕ ਹਰੀਹਰ, ਗੁਰਦੀਪ ਸਿੰਘ ਮੀਤ ਪ੍ਰਧਾਨ ਬਲਾਕ ਫਿਰੋਜ਼ਪੁਰ, ਪੁਸ਼ਪਿੰਦਰ ਸਿੰਘ ਝੋਕ ਹਰੀਹਰ, ਜੱਸ ਨਾਗਪਾਲ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਅਤੇ ਡਕੌਂਦਾ ਦੇ ਵਰਕਰ ਵੀ ਵੱਡੀ ਗਿਣਤੀ ਵਿਚ ਪੁੱਜੇ। ਇਸ ਮੌਕੇ ਸਤਿਕਾਰ ਕਮੇਟੀ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਮਹਾਲਮ ਅਤੇ ਸਿੱਖ ਸੰਗਤਾਂ ਅਤੇ ਇਲਾਕੇ ਦੀਆਂ ਸਖਸੀਅਤਾ ਵੱਡੀ ਗਿਣਤੀ ਵਿਚ ਹਾਜਰ ਰਹੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਇਆ ਜਾਵੇਗਾ ਜੀਵਨ ਜੁਗਤਿ ਸਮਾਗਮ : ਡੀ.ਪੀ.ਸਿੰਘ

**ਚੌਕ ਮਹਿਤਾ, 21 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਰਜਿ ਚੰਡੀਗੜ੍ਹ ਵਲੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਜੀਵਨ-ਜੁਗਤਿ ਸਮਾਗਮ 27 ਜਨਵਰੀ ਦਿਨ ਸ਼ਨੀਵਾਰ ਸਮਾਂ: ਸ਼ਾਮ 6.00 ਵਜੇ ਤੋਂ 8.30 ਵਜੇ ਤੱਕ ਗੁਰਦਆਰਾ ਸਾਚਾ ਧੰਨ ਫੇਜ਼ -3 ਬੀ: 1,ਮੋਹਾਲੀ ਵਿਖੇ ਕਰਵਾਇਆ ਜਾਵੇਗਾ ਜਿਸ ਵਿੱਚ ਭਾਈ ਜਸਬੀਰ ਸਿੰਘ ਜੀ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਸਭਾ ਅੰਮ੍ਰਿਤਸਰ ਅਤੇ ਵਿਦਿਆਰਥੀ ਜੱਥਾ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ , ਭਾਈ ਕਿਸ਼ਨ ਸਿੰਘ ਜੀ ਕਥਾ ਵਾਚਕ ਸੰਤਨ ਕੀ ਕੁਟੀਆ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜਨਗੇ ਜਾਣਕਾਰੀ ਦਿੰਦਿਆਂ ਸ੍ਰ.ਡੀ.ਪੀ ਸਿੰਘ ਜੀ ਸਲਾਹਕਾਰ ਅਤੇ (ਫਾਉਂਡਰ ਮੈਂਬਰ) ਸਾਬਕਾ ਸੀ ਈ ਓ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ, ਇੰਚਾਰਜ਼ ਤੇਰਾ ਹੀ ਤੇਰਾ ਮੈਡੀਕੋਜ਼ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ 28 ਜਨਵਰੀ ਦਿਨ ਐਤਵਾਰ ਨੂੰ ਗੁਰਦਆਰਾ ਸਾਹਿਬ ਸੈਕਟਰ 22- ਡੀ ਚੰਡੀਗੜ੍ਹ ਵਿਖੇ ਸ਼ਾਮ 6 ਵਜੇ ਤੋਂ 8.30 ਵਜੇ ਤੱਕ ਜੀਵਨ ਜੁਗਤਿ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਭਾਈ ਰਜਿੰਦਰ ਪਾਲ ਸਿੰਘ ਜੀ ਰਾਜੂ ਵੀਰ ਜੀ ਲੁਧਿਆਣਾ ਵਾਲੇ, ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਵਿਦਿਆਰਥੀ ਅਤੇ ਜੱਥੇਦਾਰ ਪ੍ਰੋਫੈਸਰ ਭਾਈ ਮਨਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜਨਗੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਇਸ ਮੌਕੇ ਸ੍ਰ.ਡੀ.ਪੀ ਸਿੰਘ ਜੀ ਨੇ ਸਮੂਹ ਸੰਗਤਾ ਨੂੰ ਜੀਵਨ ਜੁਗਤਿ ਸਮਾਗਮ ਵਿੱਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ।



ਆਵਾਜ਼ਿ ਕੌਮ AWAZE QAUM International Newspaper & WEB TV


# ਜਿਲਾ ਕਾਨੂੰਨੀ ਸੇਵਾ ਅਥਾਰਿਟੀ ਵੱਲੋ ਲਗਾਇਆ ਗਿਆ 'ਕਾਨੂੰਨੀ ਜਾਗਰੂਕਤਾ ਕੈਂਪ'

**ਚੌਕ ਮਹਿਤਾ21 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਜਿਲਾ ਕਾਨੂੰਨੀ ਸੇਵਾ ਅਥਾਰਿਟੀ ਵੱਲੋਂ ਅਟਾਰੀ ਬਲਾਕ ਦੇ ਰਨਿਕੇ ਅਤੇ ਧਾਂਡੇ ਪਿੰਡ ਵਿਖੇ "ਕਾਨੂੰਨੀ ਜਾਗਰੂਕਤਾ ਕੈਂਪ" ਲੋਕ ਅਦਾਲਤ ਮੈਂਬਰ ਐਡ. ਬਾਲ ਕਿਸ਼ਨ ਭਗਤ, ਡਾ. ਸਵਰਾਜ ਗਰੋਵਰ ਅਤੇ ਐਡ. ਡੀ.ਵੀ. ਗੁਪਤਾ ਦੀ ਅਗਵਾਈ ਹੇਠ ਲਗਾਇਆ ਗਿਆ।ਜਿਸ ਦਾ ਨਿਰਦੇਸ਼ਨ ਸੀ.ਜੇ.ਐਮ.ਸ਼੍ਰੀ ਰਛਪਾਲ ਸਿੰਘ ਨੇ ਕੀਤਾ ਡਾ. ਸਵਰਾਜ ਗਰੋਵਰ ਨੇ ਦੱਸਿਆ ਕਿ ਲੋਕ ਅਦਾਲਤ ਸਾਰੇ ਝਗੜਿਆਂ ਦੇ ਹਲ ਦੀ ਕੀਮਤੀ ਕੂੰਜੀ ਹੈ। ਇਨਸਾਫ ਦੇ ਲਈ ਲੋਕ ਅਦਾਲਤ ਦੇ ਦਰਵਾਜੇ ਸਾਰਿਆਂ ਦੇ ਲਈ ਖੁਲੇ ਹਨ। ਲੋਕ ਅਦਾਲਤ ਵਿੱਚ ਹਮੇਸ਼ਾ ਫ੍ਰੀ ਪੈਰਵੀ ਹੁੰਦੀ ਹੈ ਐਡ. ਬਾਲ ਕਿਸ਼ਨ ਭਗਤ ਨੇ ਕਿਹਾ ਕਿ ਮਜਦੂਰ ਅਤੇ ਕਿਸਾਨ ਲੇਬਰ ਵੈਲਫੇਅਰ ਸਕੀਮ ਦੇ ਮੈਂਬਰ ਬਣਕੇ ਸਾਰੀ ਉਮਰ ਆਰਥਿਕ ਲਾਭ ਲੈ ਸਕਦੇ ਹਨ ਕਿਸ ਵਿੱਚ ਮਹੀਨੇ ਦੇ ਫੀਸ 10/- ਰੁਪਏ ਹੈ। ਐਡ. ਡੀ.ਵੀ. ਗੁਪਤਾ ਨੇ ਦੱਸਿਆ ਕਿ ਬੀਮਾਂ, ਬੈਂਕ, ਸੜਕ, ਸਕੂਲ ਅਤੇ ਰੋਜ ਦੀ ਵਰਤੋਂ ਵਿੱਚ ਆਉਂਣ ਵਾਲਿਆਂ ਮੁਸ਼ਕਲਾਂ ਦਾ ਫ੍ਰੀ ਹਲ ਪਰਮਾਨੈਂਟ ਲੋਕ ਅਦਾਲਤ ਵਿੱਚ ਹੁੰਦਾ ਹੈ ਕੈਂਪ ਵਿੱਚ ਮੋਜੂਦ ਮਜਦੂਰ ਅਤੇ ਕਿਸਾਨਾਂ ਨੇ ਲੋਕ ਅਦਾਲਤ ਦਾ ਲਾਭ ਲੈਣ ਦਾ ਪ੍ਰਣ ਲਿਆ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਦੇਗ ਤੇਗ ਫ਼ਤਿਹ ॥
ਪੰਥ ਕੀ ਜੀਤ॥
ਪੂਜਾ ਅਕਾਲ ਕੀ ! ਪਰਚਾ ਸ਼ਬਦ ਕਾ ! ਦੀਦਾਰ ਖਾਲਸੇ ਕਾ !
ਬ੍ਰਹਮ ਗਿਆਨੀ 108 ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆ ਜੀ ਤੋਂ ਵਰਸੋਏ ਹੋਏ
ਸ੍ਰੀਮਾਨ 108 ਸੰਤ ਬਾਬਾ ਗੁਰਬਖਸ਼ ਸਿੰਘ ਜੀ
ਜੋਤੀਸਰ ਜੰਡਿਆਲਾ ਗੁਰੂ ਅਤੇ ਸ਼ਿਮਲੇ ਵਾਲਿਆ ਦੀ ਯਾਦ 'ਚ
ਸੱਚਖੰਡਵਾਸੀ ਸੰਤ ਬਾਬਾ ਅਤਰ ਸਿੰਘ ਜੀ (ਮਸਤੂਆਣੇ ਵਾਲੇ)
ਸੱਚਖੰਡਵਾਸੀ ਸੰਤ ਬਾਬਾ ਗੁਰਬਖਸ਼ ਸਿੰਘ ਜੀ (ਜੰਡਿਆਲਾ ਵਾਲੇ)
65ਵਾਂ ਸਲਾਨਾ ਸਮਾਗਮ
ਮਿਤੀ 24 ਜਨਵਰੀ 2024 (11 ਮਾਘ) ਦਿਨ ਬੁੱਧਵਾਰ ਨੂੰ ਗੁਰਦੁਆਰਾ ਜੋਤੀਸਰ ਸਾਹਿਬ ਜੰਡਿਆਲਾ ਗੁਰੂ ਵਿਖੇ
ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਪਿਆਰ ਨਾਲ ਕਰਵਾਇਆ ਜਾ ਰਿਹਾ ਹੈ।
ਪ੍ਰੋਗਰਾਮ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 22 ਜਨਵਰੀ, ਦਿਨ ਸੋਮਵਾਰ ਸਵੇਰੇ 10:00 ਵਜੇ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 24 ਜਨਵਰੀ, ਦਿਨ ਬੁੱਧਵਾਰ 9:00 ਵਜੇ ਪੈਣਗੇ। ਉਪਰੰਤ ਕੀਰਤਨ ਦਰਬਾਰ ਸੰਤ ਸਮਾਗਮ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੋਣਗੇ। ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁੰਮਾਂ ਕੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੋ ਤਨ ਮਨ ਅਤੇ ਧਨ ਨਾਲ ਸੇਵਾ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ।
ਪਹੁੰਚ ਰਹੇ ਸੰਤ ਮਹਾਂਪੁਰਖ
ਸੰਤ ਬਾਬਾ ਪ੍ਰਮਾਨੰਦ ਜੀ
(ਮੁੱਖ ਸੰਚਾਲਕ) ਤਪ ਅਸਥਾਨ ਗੁਰਦੁਆਰਾ ਬਾਬਾ ਹੁੰਦਾਲ ਜੀ
ਸੰਤ ਬਾਬਾ ਸੱਜਣ ਸਿੰਘ ਜੀ
ਗੁਰੂ ਕੀ ਬੇਰ ਵਾਲੇ
ਸੰਤ ਬਾਬਾ ਜੋਗਿਦਰ ਸਿੰਘ ਜੀ
ਕਾਰ ਸੇਵਾ ਆਨੰਦਪੁਰ ਸਾਹਿਬ ਵਾਲੇ
ਜਥੇ: ਬਾਬਾ ਜਗੀਰ ਸਿੰਘ ਜੀ
ਭੁੱਚੋਂ ਵਾਲੇ
ਸੰਤ ਬਾਬਾ ਗੁਰਦੇਵ ਸਿੰਘ ਜੀ
ਡੇਰਾ ਭਗਤਾਂ ਤਰਸਿੱਕੇ ਵਾਲੇ
ਸੰਤ ਬਾਬਾ ਗੁਰਦੀਪ ਸਿੰਘ ਜੀ
ਟਾਹਲਾ ਸਾਹਿਬ ਤਰਸਿੱਕੇ ਵਾਲੇ
ਸਿੰਘ ਸਾਹਿਬ ਜਥੇ: ਬਾਬਾ ਮੇਜਰ ਸਿੰਘ ਜੀ
ਦਸ਼ਮੇਸ਼ ਤਰਨਾ ਦਲ
ਬੀਬੀ ਜਗੀਰ ਕੌਰ
ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ
ਬਾਬਾ ਸਤਨਾਮ ਸਿੰਘ ਜੀ ਵੱਲੀਆਂ
ਇੰਟਰਨੈਸ਼ਨਲ ਪੰਥਕ ਦਲ ਜ਼ਿਲ੍ਹਾ ਪ੍ਰਧਾਨ
ਸੰਤ ਬਾਬਾ ਸੁਖਵੰਤ ਸਿੰਘ ਜੀ
ਚੱਨਣਕੇ ਸਮਾਜ ਸੇਵੀ
ਜਥੇ: ਬਾਬਾ ਅਮਰ ਸਿੰਘ ਜੀ
ਗੁਰਦੁਆਰਾ ਸੰਤਸਰ ਜੱਬੋਵਾਲ
ਜਥੇ: ਬਾਬਾ ਸਵਿੰਦਰ ਸਿੰਘ ਜੀ
ਟਾਹਲੀ ਸਾਹਿਬ ਵਾਲੇ
ਸੰਤ ਬਾਬਾ ਗੁਰਦੀਪ ਸਿੰਘ ਜੀ
ਖਜਾਲੇ ਵਾਲੇ
ਆਵਾਜ਼ਿ ਕੌਮ AWAZE QAUM International Newspaper & WEB TV
ਪਹੁੰਚ ਰਹੇ ਰਾਗੀ ਢਾਡੀ ਜੱਥੇ ਅਤੇ ਕਥਾਵਾਚਕ
ਮਿਤੀ 24-01-2024 ਦਿਨ ਬੁੱਧਵਾਰ ਨੂੰ
ਗਿਆਨੀ ਹਰਪ੍ਰੀਤ ਸਿੰਘ
(ਪ੍ਰਚਾਰਕ ਸ੍ਰੀ ਹਰਮੰਦਿਰ ਸਾਹਿਬ S.G.P.C)
ਭਾਈ ਭਗਵੰਤ ਸਿੰਘ ਕਵੀਸ਼ਰੀ ਜੱਥਾ
(ਸੂਰਵਿੰਡ ਵਾਲੇ)
ਗਿਆਨੀ ਫਤਿਹ ਸਿੰਘ ਜੀ ਕਥਾ ਵਾਚਕ
(ਡੇਅਰੀਵਾਲ)
ਭਾਈ ਗੁਰਸ਼ੇਰ ਸਿੰਘ ਹਜ਼ੂਰੀ ਰਾਗੀ
(ਸ੍ਰੀ ਦਰਬਾਰ ਸਾਹਿਬ ਤਰਨ ਤਾਰਨ)
ਭਾਈ ਗੁਰਨਾਮ ਸਿੰਘ ਕਵੀਸ਼ਰੀ ਜੱਥਾ (ਮੱਲ੍ਹੀਆਂ)
ਭਾਈ ਗੁਰਜੰਟ ਸਿੰਘ ਕਵੀਸ਼ਰੀ ਜੱਥਾ (ਛਾਲੀਏ ਵਾਲੇ)
ਨੋਟ: ਸੱਦੇ ਹੋਏ ਜੱਥਿਆ ਨੂੰ ਹੀ ਟਾਈਮ ਦਿੱਤਾ ਜਾਵੇਗਾ।
ਸੱਚਖੰਡਵਾਸੀ ਮਹਾਂਪੁਰਖ ਸੰਤ ਬਾਬਾ ਕਾਲਾ ਸਿੰਘ ਜੀ
ਸੱਚਖੰਡਵਾਸੀ ਮਹਾਂਪੁਰਖ ਸੰਤ ਬਾਬਾ ਤੇਜਾ ਸਿੰਘ ਜੀ
ਮੁੱਖ ਸੇਵਾਦਾਰ:- ਬਾਬਾ ਸੁੱਖਾ ਸਿੰਘ ਜੀ
ਗੁ: ਜੋਤੀਸਰ (ਕਲੋਨੀ) ਜੰਡਿਆਲਾ ਗੁਰੂ, ਗੁ: ਜੋਤੀਸਰ ਸ਼ਿਮਲਾ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
PPH CHANNEL
LDK
YouTube ਇਨ੍ਹਾਂ ਤਿੰਨਾ ਚੈਨਲਾ ਤੇ ਸਿੱਧਾ ਪ੍ਰਸਾਰਣ ਦਿਖਾਇਆ ਜਾਵੇਗਾ
ਸੱਚਖੰਡਵਾਸੀ:- ਸੰਤ ਬਾਬਾ ਕਾਲਾ ਸਿੰਘ ਜੀ ਅਤੇ ਸੰਤ ਬਾਬਾ ਤੇਜਾ ਸਿੰਘ ਜੀ
ਮੁੱਖ ਸੇਵਾਦਾਰ:- ਬਾਬਾ ਸੁੱਖਾ ਸਿੰਘ ਜੀ
ਗੁਰਦੁਆਰਾ ਜੋਤੀਸਰ ਸਾਹਿਬ (ਸ਼ਿਮਲਾ ਹਿਮਾਚਲ) ਅਤੇ ਗੁ: ਜੋਤੀਸਰ ਸਾਹਿਬ ਸਮੂਹ ਸਾਧ ਸੰਗਤ ਜੰਡਿਆਲਾ ਗੁਰੂ (ਅੰਮ੍ਰਿਤਸਰ) ਮੋਬ: 94633-97581





## "ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਦੇ ਮੱਦੇਨਜ਼ਰ"

# ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਸੂਬਾ ਸਰਕਾਰ ਕਰ ਰਹੀ ਹੈ ਵਿਸ਼ੇਸ਼ ਉਪਰਾਲੇ ਤੇ ਨਿਵੇਕਲੀਆਂ ਪਹਿਲਕਦਮੀਆਂ-ਡਾ. ਬਲਜੀਤ ਕੌਰ

**☛ਪੁਲਿਸ ਪ੍ਰਸ਼ਾਸਨ ਵਲੋਂ ਨਸ਼ਿਆਂ ਦੀ ਰੋਕਥਾਮ ਸਬੰਧੀ ਕੀਤੇ ਜਾ ਰਹੇ ਹਨ ਲਗਾਤਾਰ ਉਪਰਾਲੇ- ਹਰਮਨਬੀਰ ਸਿੰਘ ਗਿੱਲ ☛ਜੇਤੂ ਖਿਡਾਰੀਆਂ ਨੂੰ ਨਕਦ ਇਨਾਮ ਤੇ ਟਰਾਫ਼ੀਆਂ ਦੇ ਕੇ ਕੀਤਾ ਸਨਮਾਨਿਤ**

ਬਠਿੰਡਾ, 21 ਜਨਵਰੀ (ਗੁਰਜੰਟ ਸਿੰਘ ਨਥੇਹਾ)- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਵਿੱਢੀ ਗਈ ਮੁਹਿੰਮ ਤਹਿਤ ਸੂਬੇ ਨੂੰ ਨਸ਼ਾ ਮੁਕਤ ਤੋਂ ਇਲਾਵਾ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਦੇ ਮੱਦੇਨਜ਼ਰ ਵਿਸ਼ੇਸ਼ ਉਪਰਾਲੇ ਤੇ ਨਿਵੇਕਲੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸਥਾਨਕ ਸ਼ਹੀਦ ਭਗਤ ਸਿੰਘ ਬਹੁ ਮੰਤਵੀ ਖੇਡ ਸਟੇਡੀਅਮ ਵਿਖੇ ਨਸ਼ਿਆਂ ਖਿਲਾਫ਼ ਚਲਾਈ ਗਈ ਮੁਹਿੰਮ ਦੇ ਮੱਦੇਨਜ਼ਰ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਕਰਵਾਏ ਗਏ ਪਤੰਗਬਾਜ਼ੀ ਮੁਕਾਬਲੇ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸ. ਸੁਖਵੀਰ ਸਿੰਘ ਮਾਈਸਰਖਾਨਾ, ਏਡੀਜੀਪੀ ਰੇਂਜ ਬਠਿੰਡਾ ਸ਼੍ਰੀ ਐਸਪੀਐਸ ਪਰਮਾਰ, ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਮਿਹਦ ਪਰੇ ਅਤੇ ਐਸਐਸਪੀ ਸ਼੍ਰੀ ਹਰਮਨਵੀਰ ਸਿੰਘ ਗਿੱਲ, ਚੇਅਰਮੈਨ ਸ਼੍ਰੀ ਨੀਲ ਗਰਗ, ਚੇਅਰਮੈਨ ਸ਼੍ਰੀ ਅੰਮ੍ਰਿਤਲਾਲ ਅਗਰਵਾਲ, ਚੇਅਰਮੈਨ ਸ਼੍ਰੀ ਜਤਿੰਦਰ ਭੱਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ 'ਰੰਗਲਾ ਪੰਜਾਬ' ਬਣਾਉਣ ਦਾ ਅੰਤਮ ਉਦੇਸ਼ ਪੂਰਾ ਹੋਣ ਤੱਕ ਲੋਕਾਂ ਲਈ ਤਨ-ਮਨ ਨਾਲ ਕੰਮ ਕਰਦੇ ਰਹਿਣਾ ਸੂਬਾ ਸਰਕਾਰ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਹਰ ਖੇਤਰ ਵਿੱਚ ਨਵੀਆਂ ਬੁਲੰਦੀਆਂ ਛੂਹ ਰਿਹਾ ਹੈ ਅਤੇ ਇਹ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਬੱਚਿਆਂ ਦੇ ਹੱਥਾਂ 'ਚ ਕਲਮਾਂ, ਕਿਤਾਬਾਂ ਫੜਾਉਣ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬੀ ਸਾਹਿਤ ਤੇ ਸੱਭਿਆਚਾਰ ਨਾਲ ਜੋੜਨ ਲਈ ਸੂਬਾ ਸਰਕਾਰ ਵਿਸ਼ੇਸ਼ ਪ੍ਰੋਗਰਾਮ ਉਲੀਕ ਰਹੀ ਹੈ। ਇਸ ਦੌਰਾਨ ਡਾ. ਬਲਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਭੈੜੀ ਦਲਦਲ ਵਿਚੋਂ ਬਾਹਰ ਕੱਢ ਕੇ ਉਨ੍ਹਾਂ ਦਾ ਮਨੋਬਲ ਉੱਚਾ, ਜਿੰਦਗੀ 'ਚ ਉੱਚ ਮੁਕਾਮ ਹਾਸਲ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਖੇਡਾਂ ਦੇ ਨਾਲ-ਨਾਲ ਪੰਜਾਬ ਦੇ ਇਤਿਹਾਸ ਤੇ ਰੂਹਦਾਰੀ ਸੰਗੀਤ ਨਾਲ ਜੋੜਨਾ ਵੀ ਕਿਸੇ ਪੁੰਨ ਦੇ ਕੰਮ ਤੋਂ ਘੱਟ ਨਹੀਂ ਹੈ।



ਇਸ ਮੌਕੇ ਏਡੀਜੀਪੀ ਰੇਂਜ ਬਠਿੰਡਾ ਸ਼੍ਰੀ ਐਸਪੀਐਸ ਪਰਮਾਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਸਾਡਾ ਸਭ ਦਾ ਨਿੱਜੀ ਫ਼ਰਜ਼ ਬਣਦਾ ਹੈ ਕਿ ਬੱਚਿਆਂ ਨੂੰ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਣੂ ਕਰਵਾਇਆ ਜਾਵੇ। ਇਸ ਮੌਕੇ ਉਨ੍ਹਾਂ ਮਾਪਿਆਂ ਨੂੰ ਪੁਰਜੋਰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਚਾਇਨਾ ਡੋਰ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਣੂ ਕਰਵਾਉਣ। ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਵਲੋਂ ਚਾਇਨਾ ਡੋਰ ਵੇਚਣ ਵਾਲਿਆਂ ਤੇ ਸਖ਼ਤ ਨਜ਼ਰਸਾਨੀ ਰੱਖੀ ਜਾ ਰਹੀ ਹੈ, ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਕਰੇਤਾ ਚਾਇਨਾ ਡੋਰ ਵੇਚਦਾ ਪਾਇਆ ਜਾਂਦਾ ਹੈ ਉਸ ਖਿਲਾਫ਼ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਸਬੰਧੀ ਵਿੱਢੀ ਗਈ ਮੁਹਿੰਮ ਤਹਿਤ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਹਰ ਸੰਭਵ ਯਤਨ ਤੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਉਨ੍ਹਾਂ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮੱਦੇਨਜ਼ਰ ਪੁਲਿਸ ਤੇ ਸਿਵਲ ਪ੍ਰਸਾਸਨ ਵਲੋਂ ਭਵਿੱਖ 'ਚ ਹੋਰ ਵੀ ਨਿਵੇਕਲੀਆਂ ਯੋਜਨਾਵਾਂ ਉਲੀਕੀਆਂ ਜਾਣਗੀਆਂ। ਇਸ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਵਲੋਂ ਨਸ਼ਿਆਂ ਦੀ ਰੋਕਥਾਮ ਦੇ ਮੱਦੇਨਜ਼ਰ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਹੋ-ਜਿਹੇ ਮੁਕਾਬਲੇ ਭਵਿੱਖ ਵਿੱਚ ਵੀ ਉਲੀਕੇ ਜਾਣਗੇ। ਇਸ ਮੌਕੇ ਉਨ੍ਹਾਂ ਕਿਹਾ ਕਿ ਕਰਵਾਏ ਗਏ ਇਸ ਪਤੰਗਬਾਜੀ ਮੁਕਾਬਲੇ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਜੋੜਨਾ ਹੈ। ਇਸ ਮੌਕੇ ਸ਼੍ਰੀ ਹਰਮਨਬੀਰ ਸਿੰਘ ਗਿੱਲ ਨੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਪਿੰਡਾਂ ਜਾਂ ਸ਼ਹਿਰਾਂ 'ਚ ਤੁਹਾਡੇ ਆਲੇ-ਦੁਆਲੇ ਕੋਈ ਵੀ ਤਸਕਰ ਨਸ਼ਾ ਵੇਚਦਾ ਹੈ ਤਾਂ ਉਹ ਪੁਲਿਸ ਦੇ ਟੋਲ ਫ਼ਰੀ ਜਾਂ ਵਟਸਐਪ ਨੰਬਰ 91155-02252 'ਤੇ ਸੂਚਨਾ ਦੇ ਸਕਦੇ ਹਨ ਜਾਂ ਸਿੱਧਾ ਦਫ਼ਤਰ ਆ ਕੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ੇ ਦੇ ਸੌਦਾਗਰ ਦਾ ਪਤਾ ਦੱਸਣ ਵਾਲੇ ਵਿਅਕਤੀ ਦੀ ਪਹਿਚਾਣ ਤੇ ਨਾਮ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਕੈਬਿਨਟ ਮੰਤਰੀ ਡਾ. ਬਲਜੀਤ ਕੌਰ ਵਲੋਂ ਪਤੰਗਬਾਜ਼ੀ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 11 ਹਜ਼ਾਰ ਰੁਪਏ, ਦੂਸਰੇ ਨੂੰ 5100 ਰੁਪਏ ਅਤੇ ਤੀਸਰੇ ਸਥਾਨ ਹਾਸਲ ਕਰਨ ਵਾਲੇ ਨੂੰ 2100 ਰੁਪਏ ਤੇ ਟਰਾਫ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੁਲਿਸ ਪ੍ਰਸਾਸ਼ਨ ਵਲੋਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਏਡੀਜੀਪੀ ਰੇਂਜ ਬਠਿੰਡਾ ਸ਼੍ਰੀ ਐਸਪੀਐਸ ਪਰਮਾਰ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਲਵਜੀਤ ਕਲਸੀ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੂਫ਼ੀ ਗਾਇਕ ਲਖਵਿੰਦਰ ਵਡਾਲੀ ਨੇ ਆਪਣੇ ਸੂਫੀਆਨਾਂ ਗੀਤਾਂ ਨਾਲ ਦਰਸ਼ਕਾਂ ਦਾ ਮੰਨੋਰੰਜ਼ਨ ਕੀਤਾ। ਇਸ ਉਪਰੰਤ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਤੇ ਪੁਲਿਸ ਪ੍ਰਸਾਸ਼ਨ ਵਲੋਂ ਸੂਫ਼ੀ ਗਾਇਕ ਲਖਵਿੰਦਰ ਵਡਾਲੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਪੁਲਿਸ ਪ੍ਰਸ਼ਾਸਨ ਵਲੋਂ ਸਥਾਨਕ ਸ਼ਹੀਦ ਭਗਤ ਸਿੰਘ ਬਹੁ ਮੰਤਵੀ ਖੇਡ ਸਟੇਡੀਅਮ ਵਿਖੇ ਰੰਗ-ਬਿਰੰਗ ਗੁਬਾਰਿਆਂ ਨਾਲ ਪਤੰਗਬਾਜ਼ੀ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਈ ਗਈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਲਵਜੀਤ ਕਲਸੀ, ਸਹਾਇਕ ਕਮਿਸ਼ਨਰ (ਜਨਰਲ) ਸ਼੍ਰੀ ਪੰਕਜ ਕੁਮਾਰ, ਐਮਸੀ ਸ਼੍ਰੀ ਸੁਖਦੀਪ ਸਿੰਘ ਢਿੱਲੋਂ ਤੋਂ ਇਲਾਵਾ ਪੁਲਿਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਗਮਨ ਦਿਹਾੜੇ ਨੂੰ ਸਮਰਪਿਤ

# ਕੀਜ਼ਬਰੋ ਮਾਲਬੋਰਨ ਅਸਟਰੇਲੀਆ ਵਿਖੇ ਨਗਰ ਕੀਰਤਨ ਸਜਾਇਆ ਗਿਆ













ਨਗਰ ਕੀਰਤਨ ਸਹਿਬੇ ਏ ਕਮਾਲ ਸਰਬੰਸਦਾਨੀ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਗਮਨ ਦਿਹਾੜੇ ਪੋਹ ਸੁਦੀ ਸਤਵੀ 17/01/2024 ਦੇ ਸਬੰਧ ਵਿੱਚ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀਜ਼ਬਰੋ ਮਾਲਬੋਰਨ ਅਸਟਰੇਲੀਆ ਵਿਖੇ ਕੱਢੇ ਗਏ ਨਗਰ ਕੀਰਤਨ ਦੀਆਂ ਝਲਕੀਆਂ। (ਫੋਟੋਆਂ : ਸੁਖਮਿੰਦਰ ਸਿੰਘ ਸੱਲ)

ਸਰਬੱਤ ਖਾਲਸਾ 1986 ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਥਾਪੇ ਕਾਰਜਕਾਰੀ ਜਥੇਦਾਰ

ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਉਂਕੇ

ਜਿਨਾਂ ਨੂੰ ਉਸ ਵਕਤ ਦੀ ਜ਼ਾਲਮ ਸਰਕਾਰ ਵੱਲੋਂ ਅਣਮਨੁੱਖੀ ਤਸੀਹੇ ਦੇ ਕੇ
1 ਜਨਵਰੀ 1993 ਨੂੰ ਸ਼ਹੀਦ ਕਰ ਦਿੱਤਾ ਸੀ ਉਨਾਂ ਦੀ ਯਾਦ ਵਿੱਚ

ਮਹਾਨ ਸ਼ਹੀਦੀ ਸਮਾਗਮ

ਵੀਰਵਾਰ 25 ਜਨਵਰੀ 2024
ਗੁਰਦੁਆਰਾ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ (ਨੇੜੇ ਚੰਡੀਗੜ) ਵਿਖੇ

ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ

ਪ੍ਰਸਿੱਧ ਸ਼ਖਸ਼ੀਅਤਾਂ ਪੰਥਕ ਆਗੂ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਗੁਰਦੇਵ ਸਿੰਘ ਕਉਂਕੇ ਨੂੰ
ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਦੇ ਜੀਵਨ ਬਾਰੇ ਚਾਨਣਾ ਪਾਉਣਗੇ
ਆਓ ਸਾਰੇ ਹਾਜ਼ਰੀਆਂ ਭਰਕੇ ਆਪਣੇ ਸ਼ਹੀਦਾਂ ਦੀ ਯਾਦ ਮਨਾਉਂਦੇ ਹੋਏ ਅਕਾਲ ਪੁਰਖ
ਵਾਹਿਗੁਰੂ ਪਾਸੋਂ ਖਾਲਸਾ ਪੰਥ ਦੀ ਚੜਦੀਕਲਾ ਦੀ ਅਰਦਾਸ ਕਰੀਏ

ਬੇਨਤੀ ਕਰਤਾ:-
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ
ਸਮੂੰਹ ਮੈਂਬਰ ਸਾਹਿਬਾਨ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ
93560-60960



# ਰਾਮ ਲੱਲਾ ਜੀ ਦੇ ਪ੍ਰਾਣ ਪ੍ਰਤਿਸ਼ਠਾ ਦੇ ਅਵਸਰ 'ਤੇ ਕੇਂਦਰ ਸਰਕਾਰ ਸਿੱਖ ਕੌਮ ਨੂੰ ਗੁ: ਗਿਆਨ ਗੋਦੜੀ, ਮੰਗੂ ਮੱਠ ਅਤੇ ਗੁ: ਡਾਂਗਮਾਰ ਦਿਵਾਉਣ 'ਚ ਹੋਰ ਦੇਰੀ ਨਾ ਕਰੇ: ਪ੍ਰੋ.ਸਰਚਾਂਦ ਸਿੰਘ

**ਅੰਮ੍ਰਿਤਸਰ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਅਤੇ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪੰਚ ਸਦੀਆਂ ਦੀ ਉਡੀਕ ਅਤੇ ਬੜੀਆਂ ਕੌੜੀਆਂ ਯਾਦਾਂ ਨੂੰ ਪਿੱਛੇ ਛੱਡਦਿਆਂ ਭਾਰਤ ਅੱਜ ਸਦਭਾਵਨਾ ਦਾ ਨਵਾਂ ਬਿਰਤਾਂਤ ਲਿਖਣ ਜਾ ਰਿਹਾ ਹੈ।ਅਯੁੱਧਿਆ ਦੇ ਨਵ ਨਿਰਮਾਣ ਰਾਮ ਮੰਦਰ 'ਚ ਰਾਮ ਲੱਲ੍ਹਾ ਦੀ ਮੂਰਤੀ ਦੇ ਅਲੌਕਿਕ ਸਿੰਘਾਸਣ 'ਤੇ ਬਿਰਾਜਮਾਨ ਹੋ ਕੇ ਪ੍ਰਾਣ ਪ੍ਰਤਿਸ਼ਠਾ ਹੋਣ ਨੂੰ ਲੈ ਕੇ ਪੂਰਾ ਭਾਰਤੀ ਸਮਾਜ ਭਾਵਨਾਤਮਕ ਅਤੇ ਫ਼ਿਜ਼ਾ ਰਾਮਮਈ ਹੈ, ਅਜਿਹੀ ਸਥਿਤੀ 'ਚ ਸਿੱਖ ਭਾਈਚਾਰੇ ਦੀ ਧਾਰਮਿਕ ਆਸਥਾ ਅਤੇ ਗੁਰੂ ਨਾਨਕ ਜੀ ਦੀ ਯਾਦ ਨਾਲ ਜੁੜੇ ਗੁਰਦੁਆਰਾ ਡਾਂਗਮਾਰ ਤੇ ਗੁ: ਮੰਗੂ ਮੱਠ ਦੇ ਮਾਮਲੇ ਨੂੰ ਹੱਲ ਕਰਨ ਅਤੇ ਹਰਿਦੁਆਰ ਵਿਖੇ ਢਾਹ ਦਿੱਤੇ ਗਏ ਗੁਰਦੁਆਰਾ ਗਿਆਨ ਗੋਦੜੀ ਦੀ ਉਸੇ ਅਸਥਾਨ 'ਤੇ ਮੁੜ ਉਸਾਰੀ ਵਰਗਾ ਠੋਸ ਕਦਮ ਨਿਸ਼ਚੇ ਹੀ ਹਿੰਦੂ ਸਿੱਖ ਭਾਈਚਾਰਕ ਸਾਂਝ ਦੀ ਮਜ਼ਬੂਤੀ ਅਤੇ ਭਾਰਤ ਨੂੰ ਏਕਾਤਮਕਤਾ ਦੇ ਸੂਤਰ ਵਿਚ ਬੰਨ੍ਹਣ 'ਚ ਸਹਾਈ ਹੋਵੇਗੀ। ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਰਾਮ ਮੰਦਰ ਦਾ ਨਵ ਨਿਰਮਾਣ ਜਿੱਥੇ ਰਾਸ਼ਟਰੀ ਪੁਨਰ ਜਾਗਰਣ ਦਾ ਪ੍ਰਤੀਕ ਹੈ ਉੱਥੇ ਹੀ ਹਿੰਦੂ ਸਮਾਜ ਦੀ ਧਾਰਮਿਕ ਆਸਥਾ ਨਾਲ ਵੀ ਜੁੜੀ ਹੋਈ ਹੈ। ਉਨ੍ਹਾਂ ਰਾਮ ਮੰਦਰ ਦੇ ਹਵਾਲੇ ਨਾਲ ਕਿਹਾ ਕਿ ਕਿਸੇ ਵੀ ਧਾਰਮਿਕ ਅਸਥਾਨ ਨੂੰ ਢਾਹੇ ਜਾਣ ਦੀ ਵੱਡੀ ਪੀੜਾ ਹਿੰਦੂ ਸਮਾਜ ਤੋਂ ਵੱਧ ਕੌਣ ਜਾਣ ਸਕਦਾ ਹੈ ? ਇਸ ਲਈ ਗੁ: ਡਾਂਗਮਾਰ, ਗੁ: ਮੰਗੂ ਮੱਠ ਅਤੇ ਗੁ: ਗਿਆਨ ਗੋਦੜੀ, ਜੋ ਕਿ ਕਿਸੇ ਨਾ ਕਿਸੇ ਤਰਾਂ ਸਿੱਖਾਂ ਤੋਂ ਖੋਹ ਲਏ ਗਏ ਸਨ, ਪ੍ਰਤੀ ਸਿੱਖ ਮਨਾਂ 'ਚ ਲਗਾਤਾਰ ਬਣੀ ਆ ਰਹੀ ਪੀੜਾ ਨੂੰ ਹਿੰਦੂ ਸਮਾਜ ਬਹੁਤ ਬਿਹਤਰ ਸਮਝ ਸਕਦਾ ਹੈ। ਸਿੱਖ ਭਾਈਚਾਰਾ ਇਨ੍ਹਾਂ ਗੁਰ ਅਸਥਾਨਾਂ ਨੂੰ ਮੁੜ ਹਾਸਲ ਕਰਨ ਲਈ ਲਗਾਤਾਰ ਜੱਦੋ ਜਹਿਦ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਗੁਰ ਅਸਥਾਨਾਂ ਪ੍ਰਤੀ ਸਿੱਖਾਂ ਦੀਆਂ ਭਾਵਨਾਵਾਂ ਅਤੇ ਇਤਿਹਾਸਕ ਤੱਥਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਦੀ ਮਰਯਾਦਾ ਪੂਰਨ ਸੁਚੱਜੀ ਸੇਵਾ ਸੰਭਾਲ ਕੇਵਲ ਸਿੱਖ ਭਾਈਚਾਰਾ ਅਤੇ ਜਥੇਬੰਦੀਆਂ ਹੀ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਅਯੁੱਧਿਆ ਦੇ ਰਾਮ ਮੰਦਰ ਨੂੰ ਮੁੜ ਹਾਸਲ ਕਰਨ ਅਤੇ ਭਾਰਤ ਤੇ ਭਾਰਤੀ ਸਮਾਜ ਪ੍ਰਤੀ ਸਿੱਖਾਂ ਦੀ ਹਮੇਸ਼ਾਂ ਸਾਰਥਿਕ ਤੇ ਅਹਿਮ ਭੂਮਿਕਾ ਰਹੀ ਹੈ। ਸਮਾਜ 'ਚ ਕੁੜੱਤਣ ਅਤੇ ਵਿਵਾਦ ਪੈਦਾ ਕਰਨ 'ਚ ਲੱਗੀਆਂ ਤਾਕਤਾਂ ਨੂੰ ਮੌਕਾ ਨਹੀਂ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਮ ਲੱਲਾ ਦੇ ਪ੍ਰਾਣ ਪ੍ਰਤਿਸ਼ਠਾ ਦੀ ਖ਼ੁਸ਼ੀ ਅਤੇ ਇਤਿਹਾਸਕ ਮੌਕੇ ਨੂੰ ਮੁੱਖ ਰੱਖਦਿਆਂ ਕੇਂਦਰ ਸਰਕਾਰ ਨੂੰ ਸਿੱਖਾਂ ਤੋਂ ਵਿਛੋੜੇ ਗਏ ਉਕਤ ਗੁਰਦੁਆਰਿਆਂ ਨੂੰ ਸਿੱਖ ਪੰਥ ਨੂੰ ਮੁੜ ਦਿਵਾਉਣ 'ਚ ਹੋਰ ਦੇਰੀ ਨਹੀਂ ਕਰਨੀ ਚਾਹੀਦੀ, ਇਸ ਲਈ ਉਨ੍ਹਾਂ ਨੂੰ ਤੁਰੰਤ ਠੋਸ ਯੋਜਨਾ ਦਾ ਐਲਾਨ ਕਰਨਾ ਚਾਹੀਦਾ ਹੈ।



ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਉਤਰਾਖੰਡ ਦੇ ਹਰਿਦੁਆਰ ਵਿਖੇ ਗੰਗਾ ਕਿਨਾਰੇ ਹਰਿ ਕੀ ਪੌੜੀ ਸਥਿਤ ਇਤਿਹਾਸਕ 'ਗੁਰਦੁਆਰਾ ਗਿਆਨ ਗੋਦੜੀ ਸਾਹਿਬ' ਉਹ ਇਤਿਹਾਸਕ ਅਸਥਾਨ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਉੱਥੇ ਪੁੱਜ ਕੇ ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਫੈਲੇ ਹਨੇਰੇ ਨੂੰ ਦੂਰ ਕਰਨ ਲਈ 'ਗਿਆਨ ਦਾ ਪ੍ਰਕਾਸ਼' ਕੀਤਾ ਸੀ। ਗੁਰੂ ਸਾਹਿਬ ਦੀ ਇਸ ਹਰਿਦੁਆਰ ਯਾਤਰਾ ਦੀ ਯਾਦ ਵਿੱਚ ਉਸੇ ਅਸਥਾਨ 'ਤੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਸਥਾਪਤ ਕੀਤਾ ਗਿਆ ਸੀ, ਜਿਸ ਨੂੰ 1979 ਵਿੱਚ ਕਿਸੇ ਕਾਰਨ ਢਾਹ ਦਿੱਤਾ ਗਿਆ ਸੀ। ਇਸੇ ਤਰਾਂ ਸਿੱਕਮ ਦੇ ਭਾਰਤ ਤਿੱਬਤ ਬਾਰਡਰ 'ਤੇ ਕਚਨ ਜੰਗਾ ਪਹਾੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਉਦਾਸੀ ਦੀ ਯਾਦ ਨਾਲ ਸੰਬੰਧਿਤ ਗੁਰਦਵਾਰਾ ਗੁਰੂ ਡਾਂਗ ਮਾਰ ਸਾਹਿਬ ਵਿਚੋਂ ਕੁਝ ਸਾਲ ਪਹਿਲਾਂ ਕੁੱਝ ਲੋਕਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਤੇ ਹੋਰ ਸਮਾਨ ਬਾਹਰ ਕੱਢ ਕੇ ਬੇਅਦਬੀ ਕਰਦਿਆਂ ਗੁਰਦੁਆਰਾ ਸਿੱਖਾਂ ਤੋਂ ਖੋਹ ਲਿਆ ਗਿਆ। ਇਸੇ ਤਰਾਂ ਦੀ ਕਹਾਣੀ ਉੜੀਸਾ 'ਚ ਗੁਰਦੁਆਰਾ ਪੰਜਾਬੀ ਮੱਠ ਤੇ ਮੰਗੂ ਮੱਠ ਨੂੰ ਢਾਹੇ ਜਾਣ ਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਈ ਮਰਦਾਨਾ ਸੁਸਾਇਟੀ ਇਸ ਵਾਰ 10 ਲੜਕੀਆਂ ਦੇ ਕਰਾਏਗੀ ਵਿਆਹ—ਭੁੱਲਰ





ਫ਼ਿਰੋਜ਼ਪੁਰ, 21 ਜਨਵਰੀ (ਮਨੋਹਰ ਲਾਲ) :— ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਹਰਜੀਤ ਸਿੰਘ ਜਨਰਲ ਸਕੱਤਰ, ਸਰਬਜੀਤ ਸਿੰਘ ਛਾਬੜਾ, ਜਤਿੰਦਰ ਸਿੰਘ, ਸਵਰਨ ਸਿੰਘ, ਮੋਹਨ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਭਾਈ ਮਰਦਾਨਾ ਸੁਸਾਇਟੀ ਦਾ ਚੇਅਰਮੈਨ ਹਰੀਪਾਲ ਸਿੰਘ ਸਰਾਂ ਨੂੰ ਬਣਾਇਆ ਗਿਆ ਹੈ ਅਤੇ ਵਾਈਸ ਚੇਅਰਮੈਨ ਗੁਰਵਿੰਦਰ ਸਿੰਘ ਵਿਰਕ ਅਤੇ ਖਜਾਨਚੀ ਡਾ: ਹਰਜੀਤ ਸਿੰਘ ਧਾਲੀਵਾਲ ਨੂੰ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਤਿੰਨੇ ਅਹੁਦੇ ਖਾਲੀ ਪਪਏ ਸਨ, ਹੁਣ ਦੋ ਅਹੁਦੇ ਖਾਲੀ ਹਨ, ਸਰਪ੍ਰਸਤ ਅਤੇ ਮੀਤ ਪ੍ਰਧਾਨ ਦਾ ਅਹੁਦਾ। ਉਨ੍ਹਾਂ ਕਿਹਾ ਕਿ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ 24 ਫਰਵਰੀ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਅਤੇ 25 ਫਰਵਰੀ ਨੂੰ ਸਵੇਰੇ 11 ਵਜੇ ਤੋਂ 5 ਵਜੇ ਤੱਕ ਹੋਵੇਗਾ, ਇਸ ਵਕਤ ਬਰਫੀਲੀ ਠੰਡ ਕਰਕੇ ਅਸੀਂ ਅਜੇ ਬਾਹਰ ਨਹੀਂ ਜਾ ਰਹੇ, ਮੌਸਮ ਠੀਕ ਹੋਣ ਉਪਰ ਹੀ ਪ੍ਰਬੰਧਕ ਸੰਗਤਾਂ ਪਾਸ ਜਾਣਗੇ, ਦੋ ਦਿਨ ਹੀ ਗੁਰੂ ਕੇ ਲੰਗਰ ਅਤੁੱਟ ਚਲਾਏ ਜਾਣਗੇ। ਸ੍ਰੀ ਭੁੱਲਰ ਤੇ ਸਾਥੀਆਂ ਨੇ ਦੱਸਿਆ ਕਿ 25 ਫਰਵਰੀ ਨੂੰ 10 ਲੜਕੀਆਂ ਦੇ ਵਿਆਹ ਕੀਤੇ ਜਾਣਗੇ। ਸ੍ਰੀ ਭੁੱਲਰ ਨੇ ਐਸ.ਸੀ.ਪੀ.ਸੀ ਪ੍ਰਧਾਨ ਨੂੰ ਅਪੀਲ ਕੀਤੀ ਕਿ ਉਹ ਭਾਈ ਮਰਦਾਨਾ ਜੀ ਦਾ ਜਨਮ ਅਸਥਾਨ ਵੱਡੇ ਪੱਧਰ ਤੇ ਹਰ ਸਾਲ ਮਨਾਇਆ ਕਰਨ, ਭਾਈ ਗੁਰਦਾਸ ਜੀ ਨੇ ਆਖਿਆ ਬਾਬਾ ਬੁੱਢਾ ਜੀ ਅਤੇ ਭਾਈ ਮਰਦਾਨਾ ਜੀ ਦੀ ਵਡਮੁਲੀ ਦੇਣ ਹੈ, ਸਿਖ ਕੌਮ ਨੂੰ ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਰਾਮ ਮੰਦਰ ਜਾਂ ਬਾਬਰੀ ਮਸਜ਼ਿਦ, ਰਾਜਨੀਤਕ ਜਿੱਤ ਪਰ ਮਨੁੱਖਤਾ ਦੀ ਹਾਰ



**-ਸ. ਦਲਵਿੰਦਰ ਸਿੰਘ ਘੁੰਮਣ**
**+33630073111**

**ਅੱਜ**, 22 ਜਨਵਰੀ 2024 ਨੂੰ ਅਯੁੱਧਿਆ ਦੇ ਰਾਮ ਮੰਦਰ ਦੇ ਉਦਘਾਟਨ ਨੂੰ ਕਾਹਲੀ ਪਈ ਭਾਰਤੀ ਜਨਤਾ ਪਾਰਟੀ ਤੀਸਰੀ ਵਾਰ ਪਾਰਲੀਮੈਂਟ ਵਿੱਚ ਪਹੁੰਚਣ ਲਈ, ਕੋਈ ਜ਼ੋਖਮ ਨਾ ਲੈ ਕੇ ਇਸ ਉਦਘਾਟਨ ਵਿੱਚੋ ਆਪਣੀ ਜਿੱਤ ਦਾ ਅਕਸ ਵੇਖ ਰਹੀ ਹੈ। ਇਹ ਅਜਿਹੇ ਧਾਰਮਿਕ ਕੰਮਾਂ ਵਿੱਚ ਅਕਸਰ ਧਰਮ ਨਾਲ ਸਬੰਧਿਤ ਪੁਜਾਰੀ, ਮੁੱਖੀ ਜਾਂ ਅਚਾਰੀਆ ਦੁਆਰਾ ਹੀ ਰਸਮਾਂ ਕੀਤੀਆ ਜਾਦੀਆਂ ਹਨ ਪਰ ਭਾਰਤੀ ਜਨਤਾ ਪਾਰਟੀ ਨੇ ਹਰ ਉਸ ਧਾਮ, ਮੰਦਰਾਂ ਦੀਆ ਟਰੱਸਟਾਂ ਬਣਾ ਦਿੱਤੀਆਂ ਗਈਆਂ ਹਨ। ਜਿਥੇ ਚੜਾਵਾ ਬਹੁਤ ਜਿਆਦਾ ਹੁੰਦਾ ਹੈ ਅਤੇ ਲੋਕਾਂ ਦੀ ਆਸਥਾ ਦੇ ਮੁੱਖ ਕੇਂਦਰ ਹਨ। ਜਿੰਨਾਂ ਤੋ ਆਉਣ ਵਾਲੀ ਸੰਭਾਵਿਤ ਕਾਰਜ, ਪਾਰਟੀ ਦੀ ਰੂਹ-ਰਵਾਂ ਬਨਣਗੇ ਅਤੇ ਮੁੱਢੀ ਪਾਏ ਪਾਣੀ ਦਾ ਕੰਮ ਕਰਨਗੇ। ਭਾਵੇ ਕਿ ਹਿੰਦੂ ਧਰਮ ਦੇ ਚਾਰੇ ਅਚਾਰੀਆਂ ਨੇ ਇਹਨਾਂ ਦਾ ਬਾਈਕਾਟ ਕਰ ਦਿੱਤਾ ਹੈ। ਉਹ ਇਹ ਕਹਿਦੇ ਹੋਏ ਵਿਰੋਧ ਜਿਤਾ ਰਹੇ ਹਨ ਕਿ ਧਰਮ ਜਾਂ ਮੰਦਰ ਕਿਸੇ ਇਕ ਪਾਰਟੀ ਜਾਂ ਆਰਐਸਐਸ ਵਰਗੀ ਸੰਸਥਾ ਦਾ ਨਹੀ ਹੋ ਸਕਦਾ। ਜੋ ਸਿਆਸੀ ਮੁਫਾਜ਼ ਨੂੰ ਪੂਰਾ ਕਰਦੇ ਹੋਣ। ਇਸ ਲਈ ਰਾਜਨੀਤਕ ਲੋਕਾਂ ਨੂੰ ਪਰਾਂ ਹੱਟ ਜਾਣਾ ਚਾਹਿਦਾ ਹੈ। ਇਸ ਨਾਲ ਰਾਜਨੀਤਕ ਵਿਰੋਧੀ ਪਾਰਟੀਆਂ ਨੇ ਵੀ ਸ਼ਾਮਲ ਨਾ ਹੋਣ ਦਾ ਐਲਾਨ ਕਰ ਦਿੱਤਾ ਹੈ।

ਰਾਮ ਮੰਦਰ ਦਾ ਉਦਘਾਟਨ ਭਾਰਤੀ ਰਾਜਨੀਤੀ ਵਿੱਚ ਇਕ ਨਵੇ ਮੋੜ ਵਜੋਂ ਦਰਜ਼ ਹੋਵੇਗਾ। ਮੰਦਰ ਦੀ ਅਧੂਰੀ ਚਲ ਰਹੀ ਉਸਾਰੀ ਵਿੱਚ ਜਲਦੀ ਨਾਲ ਕੀਤਾ ਜਾ ਰਿਹਾ ਉਦਘਾਟਨ ਇਸ ਗੱਲ ਦਾ ਸਬੂਤ ਹੈ ਕਿ 2024 ਦੀਆਂ ਇਲੈਕਸ਼ਨਾਂ ਕਿੰਨੀਆ ਮਹੱਤਵ ਪੂਰਨ ਹਨ। ਜਿਸ ਵਿੱਚ ਆਉਣ ਵਾਲੇ ਸਮੇ ਵਿੱਚ ਬਹੁਤ ਕੁਝ ਕੇਂਦਰਤ ਕੀਤੇ ਜਾਣ ਦੇ ਕਾਨੂੰਨ ਬਨਣ ਅਤੇ ਦਬਾਆ ਵਧਾ ਕੇ ਘੱਟ ਗਿਣਤੀਆਂ ਦੀ ਪੂਰੀ ਦੀ ਪੂਰੀ ਰਾਜਨੀਤਕ ਅਤੇ ਧਾਰਮਿਕ ਅਜ਼ਾਦੀ ਨੂੰ ਦਬਾਉਣ ਦੇ ਯਤਨ ਹੋ ਸਕਣਗੇ। ਕੱਟੜ ਹਿੰਦੂਵਾਦੀ ਰਾਜਨੀਤੀ ਤੇ ਪੂਰੀ ਪਕੜ ਨਾਲ ਅੱਗੇ ਵਧ ਰਹੀ ਬੀਜੇਪੀ ਆਪਣੇ ਚਾਹੇ ਜਾਂ ਅਣਚਾਹੇ ਹਮ ਖਿਆਲੀ ਜਮਾਤਾਂ ਨੂੰ ਨਾਲ ਲੈਣ ਦਾ ਦਾਆਵਾ ਪੇਸ਼ ਕਰ ਰਹੀ ਹੈ। ਕਿ ਭਾਰਤ ਰਾਸ਼ਟਰ ਇਕ ਸੋਚ, ਇਕ ਵੋਟ ਨਾਲ ਹੀ ਅੱਗੇ ਵੱਧ ਸਕਦਾ ਹੈ! ਇਸ ਦੇ ਉਦਘਾਟਨ ਵਿੱਚ ਚੋਣਵੇ ਲੋਕਾਂ ਨੂੰ ਸੱਦੇ ਪੱਤਰ ਦਿੱਤੇ ਜਾ ਰਹੇ ਹਨ। ਜਿਥੇ ਮੁਸਲਮਾਨਾਂ ਅਤੇ ਇਸਾਈਆਂ ਨੂੰ ਇਸ ਤੋ ਦੂਰ ਰੱਖਿਆ ਜਾ ਰਿਹਾ ਹੈ ਉਥੇ ਸਿੱਖਾਂ, ਬੋਧੀ, ਜੈਨੀਆਂ, ਲੰਗਾਇਤ ਸਮੇਤ ਹੋਰ ਧਰਮਾਂ ਨੂੰ ਸਨਾਤਨੀ ਵਰਗ ਦੀਆਂ ਸ਼ਾਖਾਵਾਂ ਮੰਨ ਕੇ ਅਧਿਕਾਰਤ ਸੱਦੇ ਪੱਤਰ ਦਿੱਤੇ ਜਾ ਰਹੇ ਹਨ। ਸਿੱਖਾਂ ਦੀ ਆਪਣੀ ਹੋਂਦ ਲਈ ਖਤਰਾ ਬਣੀ ਆਰਐਸਐਸ ਗਰੂਪ ਹਰ ਹਰਬਾਂ ਵਰਤ ਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਲਈ ਹੀਲੇ ਵਸੀਲੇ ਵਰਤ ਰਹੀ ਹੈ। ਸਿੱਖਾਂ ਵਿੱਚ ਇਸ ਵਿੱਚ ਸ਼ਾਮਲ ਹੋਣ ਨਾਲੋ, ਵੱਧ ਨਾ ਸ਼ਾਮਲ ਹੋਣ ਲਈ ਚਰਚਾਵਾਂ ਚਲ ਰਹੀਆਂ ਹਨ। ਸਿੱਖ ਚਿੰਤਕ, ਪਾਰਟੀਆਂ, ਜਥੈਬੰਦੀਆਂ ਵੱਲੋਂ ਆਪਣੇ ਵੱਲੋ ਸ਼ਾਮਲ ਨਾ ਹੋ ਕੇ, ਨਾਲ ਨਾਲ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੈਦਾਰ, ਪ੍ਰਧਾਨ ਸ਼੍ਰੋਮਣੀ ਕਮੇਟੀ ਅਮ੍ਰਿਤਸਰ ਸਮੇਤ ਹੋਰ ਆਗੂਆਂ ਤੇ ਇਸ ਗੱਲ ਦਾ ਦਬਾਆ ਬਣਾਇਆ ਜਾ ਰਿਹਾ ਹੈ ਕਿ ਇਹ ਰਾਮ ਮੰਦਰ ਨਾ ਹੋ ਕੇ ਇਕ ਪਾਰਟੀ ਦੀ ਰਾਜਨੀਤਕ ਤਾਕਤ ਦਾ ਮੁਜਾਹਰਾ ਹੈ। ਸੋ ਇਸ ਵਿੱਚ ਸ਼ਾਮਲ ਹੋਣਾ ਬੀਜੇਪੀ, ਆਰਐਸਐਸ ਦੇ ਹਿੰਦੂ ਰਾਸ਼ਟਰ ਬਨਣ ਵਿੱਚ ਆਪਣੀ ਹੋਂਦ ਨੂੰ ਖਤਮ ਕਰਨ ਦਾ ਰਾਹ ਖੋਹਲਣਾ ਹੈ। ਕੇਦਰੀ ਸਿੰਘ ਸਭਾ ਨੇ ਬਹੁਤ ਸਖਤ ਰੂਖ ਨਾਲ ਸੱਭ ਸਿੱਖਾਂ ਨੂੰ ਸ਼ਾਮਲ ਨਾ ਹੋਣ ਚਿਤਾਵਨੀ ਦਿੱਤੀ ਹੈ। ਪਰ ਦੂਜੇ ਪਾਸੇ ਸ਼੍ਰੀ ਆਕਾਲ ਤਖਤ ਸਾਹਿਬ ਦੇ ਜਥੈਦਾਰ ਵੱਲੋਂ ਸਿੱਖ ਕੌਮ ਦੀ ਅਗਵਾਈ ਹੁੰਦੀ ਨਜ਼ਰ ਨਹੀ ਆ ਰਹੀ ! ਜਥੈਦਾਰ ਸ਼੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀਆਂ ਅਮ੍ਰਿਤਸਰ, ਦਿੱਲੀ, ਹਰਿਆਣਾ ਆਪਣੇ ਦੰਦਾਂ ਤੋ ਦੰਦ ਨਹੀ ਚੁੱਕ ਰਹੇ। ਵੱਖਰੀ, ਨਿਰਾਲੀ ਹੋਂਦ ਦੀ ਮਾਲਕ ਸਿੱਖ ਕੌਮ ਨਿਕੱਮੀ ਲੀਡਰਸ਼ਿੱਪ ਦੇ ਬੀਜ਼ੇ ਕੰਢਿਆਂ ਤੇ ਮਜਬੂਰ ਹੋਈ ਪਈ ਹੈ। ਅਕਾਲੀ ਦਲ ਬਾਦਲ ਦੀ ਹਾਲਤ ਪਹਾੜੀ ਤੇ ਵਿਛੜੇ ਲੇਲੈ ਵਰਗੀ ਹੋ ਗਈ ਹੈ। ਭਾਰਤ ਦੀ ਅਜੋਕੀ ਬਣਤਰ ਵਿੱਚ ਰਾਜਨੀਤੀ ਦੁਆਰਾ ਪੈਦਾ ਕੀਤੇ ਡਰ, ਖਲਾਅ ਨੇ ਹੋਰ ਸਰੱਹਦਾਂ ਬਣਾਉਣ ਦਾ ਸਬੱਬ ਪੈਦਾ ਕਰਨ ਦੇ ਤੋਖਲੇ ਵਧਾਏ ਹਨ।

ਹਿੰਦੂ ਧਰਮ ਕਿਸੇ ਵੇਲੇ ਬਹੁਤ ਉਦਾਰਵਾਦੀ ਮੰਨਿਆ ਜਾਦਾ ਸੀ। ਪਰ ਅੱਜ ਜਦੋ ਕੋਈ ਧਰਮ, ਵਰਗ ਦੂਜਿਆਂ ਉਪਰ ਆਪਣੀ ਧੌਂਸ ਜਮਾਉਣ ਲਈ ਜ਼ਬਰ, ਜ਼ੂਲਮ ਕਰਦਾ ਹੈ ਤਾਂ ਇਤਿਹਾਸ ਵਿੱਚ ਬੀਤੇ ਸਮੇ ਵਿੱਚ ਰਾਜ ਕਰ ਚੁੱਕੇ ਅੱਤਿਆਚਾਰੀ ਬਾਦਸ਼ਾਹੀਆਂ ਨਾਲੋ ਵੱਧ ਕਿਵੇ ਉਦਾਰਵਾਦੀ ਹੋ ਸਕਦਾ ਹੈ ?

ਸਦੀਆਂ ਵਿੱਚ ਧਰਮਾਂ ਨੇ ਆਪਣੇ ਪਸਾਰ ਲਈ ਜੰਗਾਂ ਲੜੀਆਂ ਜੋ ਨਿਰੋਲ ਧਾਰਮਿਕ ਸਨ। ਪਰ ਅੱਜ ਇਹ ਰਾਜਨੀਤਕ ਤਾਕਤ, ਮੰਨੂਵਾਦੀ ਗ੍ਰੰਥਾਂ ਦੇ ਸਿਧਾਤਾਂ ਨੂੰ ਲਾਗੂ ਕਰਨ ਦੇ ਯਤਨਾਂ ਵਿੱਚ ਹਨ। ਫਿਰ ਇਹ ਉਦਾਰਵਾਦੀ ਨਾ ਹੋ ਕੇ ਉਲਾਰਵਾਦੀ ਹੁੰਦਾ ਪ੍ਰੀਤ ਹੁੰਦਾ ਹੈ ਜਿਸ ਵਿੱਚ ਹਰ ਘੱਟਗਿਣਤੀ ਧਰਮ ਅਤੇ ਵਰਗ ਪਿਸੀਆ ਜਾ ਰਿਹਾ ਹੈ। ਡੇਰਾ ਸੱਚਾ ਸੋਦਾ ਦੇ ਬਲਾਤਕਾਰੀ ਸਾਧ ਅਤੇ ਕਤਲਾਂ ਦੇ ਦੋਸ਼ੀ ਰਾਮ ਰਹੀਮ ਨੂੰ ਲਗਾਤਾਰ ਪੈਰੋਲ ਮਿਲਣੀ ਭਾਰਤੀ ਨਿਆ ਪ੍ਰਣਾਲ਼ੀ ਦਾ ਚੁੱਪ ਰਹਿਣਾ ਸਵਿਧਾਨ ਦੇ ਬਣੇ ਕਾਨੂੰਨਾਂ ਨਾਲ ਕੋਝਾ ਮਜਾਕ ਹੈ। ਸਮੇ ਤੋ ਪਹਿਲਾਂ ਬਿਲਕੀਸ ਬਾਨੋ ਦੇ ਕੇਸ ਵਿੱਚ 11 ਬਲਾਤਕਾਰੀਆਂ ਨੂੰ ਗੁਜਰਾਤ ਸਰਕਾਰ ਵੱਲੋ 15 ਅਗਸਤ ਤੇ ਰਿਹਾਈ ਕਰਨਾ ਘੱਟ ਗਿਣਤੀਆਂ ਵਿੱਚੋ ਇੰਨਸਾਫ ਮੰਗਣ ਦੇ ਵਿਸ਼ਵਾਸ ਨੂੰ ਖਤਮ ਕਰਨ ਬਰਾਬਰ ਹੈ। ਦੇਸ਼ ਵਿੱਚ ਇਕ ਇਲੈਕਸ਼ਨ ਇਕ ਵੋਟ ਤੇ ਕਮੇਟੀਆਂ ਬਣ ਰਹੀਆਂ ਹਨ। ਜਿਸ ਦਾ ਮਕਸਦ ਵੀ ਸਾਰੀ ਰਾਜਨੀਤਕ ਤਾਕਤ ਕੇਂਦਰਤ ਕਰਨਾ ਹੈ ਜਿਸ ਨਾਲ ਰਾਜਨੀਤਕ ਵਿਰੋਧੀ ਧਿਰ ਅਤੇ ਧਰਮਾਂ, ਸੱਭਿਆਚਾਰ ਨੂੰ ਇਕ ਕਰਨ ਦੀ ਚਾਲ ਹੈ।

ਬੋਲਣ ਦਾ ਵਕਤ ਹੈ। ਸਰਬੱਤ ਦੇ ਭਲੇ ਲਈ, ਮਨੁੱਖਤਾ ਦੇ ਹਿੱਤਾਂ ਪ੍ਰੀ ਜਾਗਰੂਕ, ਚਿੰਤਨ ਹੋਣਾ ਸਮੇ ਦੀ ਮੰਗ ਹੈ।

" ਲਮਹੋਂ ਨੇ ਖਤਾ ਕੀ ਔਰ ਸਦੀਉ ਨੇ ਸਜ਼ਾ ਪਾਈ "

ਗੀਤਾ ਹਰੀਹਰਨ ਆਪਣੇ ਨਾਵਲ " ਇਨ ਟਾਇਮਜ਼ ਆਫ ਸੀਜ " ਵਿੱਚ ਜਰਮਨ ਪਾਦਰੀ ਮਾਰਟਿਨ ਨੀਮੋਲਰ ਬਾਰੇ ਜਿਸ ਉਪਰ ਨਾਜ਼ੀਆਂ ਨੇ ਬਹੁਤ ਜ਼ੁਲਮ ਢਾਹੇ, ਬਾਰੇ ਲਿਖਦੀ ਹੈ; ਕਿ

ਜਰਮਨ ਵਿੱਚ ਪਹਿਲਾਂ ਉਹ ਕਿਊਮਨਿਸਟਾਂ ਲਈ ਆਏ। ਮੈ ਨਹੀ ਬੋਲਿਆਂ ਕਿਉਕਿ ਮੈ ਕਿਉਮਨਿਸਟ ਨਹੀ ਸੀ।

ਫਿਰ ਉਹ ਯਹੂਦੀਆਂ ਲਈ ਆਏ। ਮੈ ਨਹੀ ਬੋਲਿਆ ਕਿਉਕਿ ਮੈ ਯਹੂਦੀ ਨਹੀ ਸੀ।

ਫਿਰ ਉਹ ਮਜ਼ਦੂਰ ਸੰਘ ਦੇ ਲੋਕਾਂ ਲਈ ਆਏ। ਮੈ ਨਹੀ ਬੋਲਿਆ ਕਿਉਕਿ ਮੈ ਮਜ਼ਦੂਰ ਸੰਘੀ ਨਹੀ ਸੀ।

ਫਿਰ ਉਹ ਕੈਥੋਲਿਕ ਲੋਕਾਂ ਲਈ ਆਏ। ਮੈ ਨਹੀ ਬੋਲਿਆ ਕਿਉਕਿ ਮੈ ਪ੍ਰੈਸਟੈਂਟ ਸੀ।

ਫਿਰ ਉਹ ਮੇਰੇ ਲਈ ਆਏ। ਪਰ ਉਦੋ ਤੱਕ ਕੋਈ ਨਹੀ ਸੀ ਜੋ ਮੇਰੇ ਲਈ ਬੋਲਦਾ।

ਸੋ ਗੁਰੂ ਪਾਤਿਸ਼ਾਹ ਨੇ ਵੀ ਨਫਰਤੀ ਸੋਚ ਦਾ ਵਿਰੋਧ ਕੀਤਾ। ਬਾਬਰ ਨੂੰ ਜ਼ਾਬਰ ਕਿਹਾ। ਦਸਾਂ ਪਾਤਿਸ਼ਾਹੀਆਂ ਤੱਕ ਜ਼ੁਲਮ ਨੂੰ ਵੰਗਾਰਿਆਂ ਗਿਆ। ਕਦੇ ਮੰਦਿਰ ਢੱਠਿਆ ਤਾਂ ਮਸਜਿਦ ਬਣੀ, ਕਦੇ ਮਸਜਿਦ ਢੱਠੀ ਤੇ ਮੰਦਿਰ ਬਣਿਆਂ। ਦੋਵੇ ਹਾਲਤਾਂ ਵਿੱਚ ਰਾਜਨੀਤੀ ਦਾ ਅਡੰਬਰ ਜਿੱਤਿਆ ਅਤੇ ਮਨੁੱਖਤਾ ਹਾਰੀ।

ਸਿਆਸਤ ਨੂੰ ਲੋਕਾਂ ਦੇ ਧਾਰਮਿਕ ਜ਼ਜਬਾਤਾਂ ਨਾਲ ਨਹੀ ਖੇਡਣਾ ਚਾਹਿਦਾ। ਜਿਸ ਵਿੱਚ ਲੋਕਾਂ ਦੀ ਆਹੂਤੀ ਲੱਗੇ ਅਤੇ ਧਾਰਮਿਕ ਆਸਥਾ ਟੁੱਟੇ।

## ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ ਪੰਜਾਬੀਆ ਨੂੰ ਇਕਜੁੱਟ ਕਰੇਗੀ

# ਆਪ ਅਤੇ ਕਾਂਗਰਸ ਦੇ ਨਾਪਾਕ ਗੱਠਜੋੜ ਨੂੰ ਨੰਗਿਆ ਕਰਾਂਗੇ : ਕਰਨੈਲ ਸਿੰਘ ਪੀਰਮੁਹੰਮਦ



**ਚੰਡੀਗੜ੍ਹ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ 1 ਫਰਵਰੀ ਤੋਂ ਅਟਾਰੀ ਵਿਚ ਭਾਰਤ-ਪਾਕਿਸਤਾਨ ਸਰਹੱਦ ਤੋਂ ਸ਼ੁਰੂ ਹੋਵੇਗੀ ਅਤੇ ਇਹ ਇਕ ਮਹੀਨੇ ਵਿਚ 43 ਹਲਕਿਆਂ ਵਿਚ ਜਾਵੇਗੀ। ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਸੀਨੀਅਰ ਲੀਡਰਸ਼ਪਿ ਦੇ ਨਾਲ ਮਿਲ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਯਾਤਰਾ ਸ਼ੁਰੂ ਕੀਤੀ ਜਾਵੇਗੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਯਾਤਰਾ ਦੌਰਾਨ ਕਾਂਗਰਸ ਪਾਰਟੀ ਤੇ ਆਮ ਆਦਮੀ ਪਾਰਟੀ (ਆਪ) ਦੋਵਾਂ ਨੂੰ ਬੇਨਕਾਬ ਕੀਤਾ ਜਾਵੇਗਾ ਤੇ ਦੱਸਿਆ ਜਾਵੇਗਾ ਕਿ ਕਿਵੇਂ ਸਮੇਂ ਦੀਆਂ ਅਕਾਲੀ ਦਲ ਦੀਆਂ ਸਰਕਾਰਾਂ ਨੇ ਸੂਬੇ ਦਾ ਵਿਕਾਸ ਕਰਵਾਇਆ। ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰ ਹਲਕੇ ਵਿਚ ਇਕ ਨਿਸ਼ਚਿਤ ਥਾਂ 'ਤੇ ਲੋਕਾਂ ਨਾਲ ਮੁਲਾਕਾਤ ਕਰਨਗੇ ਤੇ ਗੱਲਬਾਤ ਕਰਨਗੇ। ਉਹਨਾਂ ਕਿਹਾ ਕਿ ਪਾਰਟੀ ਨੂੰ ਮਿਲੀ ਫੀਡਬੈਕ ਦੇ ਮੁਤਾਬਕ ਸਮਾਜ ਦਾ ਹਰ ਵਰਗ ਪੀੜਤ ਹੈ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਵਾਰ-ਵਾਰ ਫਸਲ ਫੇਲ੍ਹ ਹੋਣ ਮਗਰੋਂ ਵੀ ਮੁਆਵਜ਼ਾ ਨਹੀਂ ਮਿਲਿਆ। ਗਰੀਬ ਵਰਗਾਂ ਲਈ ਸਮਾਜ ਭਲਾਈ ਸਕੀਮਾਂ ਵਿਚ ਕਟੌਤੀ ਕੀਤੀ ਗਈ ਹੈ। ਸਰਕਾਰੀ ਨੌਕਰੀਆਂ ਵਿਚ ਪੰਜਾਬੀਆਂ ਦੀ ਥਾਂ ਬਾਹਰਲੇ ਨੌਜਵਾਨਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਪੀਰਮੁਹੰਮਦ ਨੇ ਕਿਹਾ ਕਿ ਯਾਤਰਾ ਇਹ ਵੀ ਦੱਸੇਗੀ ਕਿ ਪੰਜਾਬ ਵਿਚ ਕਿਵੇਂ ਕਾਨੂੰਨ ਵਿਵਸਥਾ ਢਹਿ ਢੇਰੀ ਹੋਈ ਹੈ ਤੇ ਗੈਂਗਸਟਰ ਸਭਿਆਚਾਰ ਪਲਿਆ ਹੈ ਜਿਸ ਕਾਰਨ ਘਰੇਲੂ ਨਿਵੇਸ਼ਕ ਵੀ ਪੰਜਾਬ ਤੋਂ ਬਾਹਰ ਜਾ ਰਹੇ ਹਨ। ਉਹਨਾਂ ਕਿਹਾ ਕਿ ਅਸੀਂ ਆਪ ਵਿਧਾਇਕਾਂ ਤੇ ਮੰਤਰੀਆਂ ਵੱਲੋਂ ਕੀਤੀ ਜਾ ਰਹੀ ਵੱਡੇ ਪੱਧਰ 'ਤੇ ਗੈਰ ਕਾਨੂੰਨੀ ਮਾਇਨਿੰਗ ਦਾ ਮੁੱਦਾ ਵੀ ਚੁੱਕਾਂਗੇ ਅਤੇ ਆਪ ਵਿਧਾਇਕਾਂ ਵੱਲੋਂ ਨਸ਼ਾ ਤਸਕਰਾਂ ਦੀ ਕੀਤੀ ਜਾ ਰਹੀ ਪੁਸ਼ਤ ਪਨਾਹੀ ਬਾਰੇ ਵੀ ਦੱਸਾਂਗੇ। ਉਹਨਾਂ ਕਿਹਾ ਕਿ ਸਿਆਸੀ ਬਦਲਾਖੋਰੀ ਤੋਂ ਇਲਾਵਾ ਭ੍ਰਿਸ਼ਟਾਚਾਰ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਤੇ ਸੂਬੇ ਦੀ ਰਾਜਧਾਨੀ ਸਮੇਤ ਆਪ ਸਰਕਾਰ ਵੱਲੋਂ ਪੰਜਾਬ ਦੇ ਮੁੱਖ ਮੁੱਦਿਆਂ 'ਤੇ ਮੁਕੰਮਲ ਆਤਮ ਸਮਰਪਣ ਕਰਨ ਦਾ ਮੁੱਦਾ ਵੀ ਯਾਤਰਾ ਦੌਰਾਨ ਚੁੱਕਿਆ ਜਾਵੇਗਾ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਗੁਟਕਾ ਸਾਹਿਬ ਦੀ ਝੂਠੀ ਸਹੁੰ ਖਾਕੇ ਸੱਤਾ ਹਥਿਆਉਣ ਵਾਲੀ ਕਾਂਗਰਸ ਅਤੇ ਝੂਠੀਆਂ ਗਰੰਟੀਆਂ ਦੇਕੇ ਧੋਖਾ ਕਰਨ ਵਾਲੀ 'ਆਪ' ਦੇ ਨਾਪਾਕ ਗਠਜੋੜ ਨੂੰ ਨਸ਼ਰ ਕਰੇਗੀ ਸ਼੍ਰੋਮਣੀ ਅਕਾਲੀ ਦਲ ਵੱਲੋ ਸੂਰੂ ਕੀਤੀ ਜਾਣ ਵਾਲੀ ਪੰਜਾਬ ਬਚਾਓ ਯਾਤਰਾ ਉਹਨਾਂ ਪੰਜਾਬੀਆ ਨੂੰ ਅਪੀਲ ਕੀਤੀ ਕਿ ਉਹ ਪੂਰੇ ਜੋਸ ਨਾਲ ਸਾਡਾ ਸਾਥ ਦੇਣ।

## ਮਾਮਲਾ ਰਾਮ ਮੰਦਰ ਦਾ : ਜਥੇਦਾਰ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੇ ਸੁਖਬੀਰ ਬਾਦਲ ਨੇ

# ਹਿੰਦੂਤਵ ਅੱਗੇ ਗੋਡੇ ਟੇਕੇ, ਤਿੰਨਾਂ ਦੀ ਸ਼ਬਦਾਵਲੀ ਤੇ ਨੀਤੀ ਇੱਕੋ ਜਿਹੀ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫ਼ਿਰਕੂ ਹਿੰਦੂਤਵੀਆਂ ਨੂੰ ਰਾਮ ਮੰਦਰ ਦੇ ਮੂਰਤੀ ਸਥਾਪਨਾ ਸਮਾਗਮ ਸਬੰਧੀ ਮੁਬਾਰਕਾਂ ਦੇ ਕੇ ਸਿੱਖ ਕੌਮ ਨੂੰ ਹਿੰਦੂਤਵ ਦੇ ਸਮੁੰਦਰ 'ਚ ਸੁੱਟ ਦਿੱਤਾ ਹੈ, ਇਹਨਾਂ ਦੀ ਇਸ ਇਤਿਹਾਸਕ ਗ਼ਲਤੀ ਲਈ ਸਿੱਖ ਕੌਮ ਕਦੇ ਵੀ ਮਾਫ਼ ਨਹੀਂ ਕਰੇਗੀ। ਇਹਨਾਂ ਆਗੂਆਂ ਨੂੰ ਸਖ਼ਤ, ਠੋਸ ਤੇ ਸਪੱਸ਼ਟ ਸਟੈਂਡ ਲੈਣਾ ਚਾਹੀਦਾ ਸੀ ਕਿ ਸਿੱਖ ਧਰਮ 'ਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ ਤੇ ਇਸ ਸਮਾਗਮ ਦਾ ਸਿੱਖਾ ਨਾਲ ਕੋਈ ਸਬੰਧ ਨਹੀਂ, ਕੋਈ ਵੀ ਸਿੱਖ ਰਾਮ ਮੰਦਰ ਦੇ ਸਮਾਗਮ ਦਾ ਹਿੱਸਾ ਨਾ ਬਣੇ ਪਰ ਬਾਦਲਕਿਆਂ ਨੇ ਹਿੰਦੂਤਵ ਦੇ ਅੱਗੇ ਹਥਿਆਰ ਸੁੱਟ ਦਿੱਤੇ ਹਨ ਜਿਸ ਨਾਲ ਸਿੱਖ ਕੌਮ ਸ਼ਰਮਸਾਰ ਹੈ ਤੇ ਇਹਨਾਂ ਆਗੂਆਂ ਨੂੰ ਲਾਹਣਤਾਂ ਪਾ ਰਹੀ ਹੈ। ਜੇਕਰ ਅੱਜ ਦੇ ਸਮਾਗਮ ਵਿੱਚ ਜਥੇਦਾਰ ਸਪੱਸ਼ਟ ਸਟੈਂਡ ਲੈ ਜਾਂਦੇ ਤਾਂ ਵਿਸ਼ਵ ਭਰ ਵਿੱਚ ਸਿੱਖਾਂ ਦੀ ਅੱਡਰੀ, ਨਿਆਰੀ ਤੇ ਵੱਖਰੀ ਹੋਂਦ-ਹਸਤੀ ਦਾ ਬਿਗਲ ਵੱਜ ਜਾਣਾ ਸੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਦਲਾਂ ਦੇ ਜਥੇਦਾਰ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨਾਲੋਂ ਤਾਂ ਹਿੰਦੂ ਧਾਮਾਂ ਦੇ ਚਾਰੇ ਸ਼ੰਕਰਾਚਾਰੀਆ ਹੀ ਚੰਗੇ ਨਿਕਲੇ ਜਿਨ੍ਹਾਂ ਨੇ ਮੋਦੀ ਸਰਕਾਰ ਦੀ ਗੰਧਲੀ ਸਿਆਸਤ ਨੂੰ ਪਹਿਚਾਣ ਲਿਆ ਤੇ ਇਸ ਸਮਾਗਮ 'ਚ ਗੱਜ ਵੱਜ ਕੇ ਜਾਣ ਤੋਂ ਨਾਂਹ ਕਰ ਦਿੱਤੀ ਪਰ ਦੂਜੇ ਪਾਸੇ ਬਾਦਲਕਿਆਂ ਨੇ ਹਿੰਦੂਤਵ ਅੱਗੇ ਗੋਡੇ ਟੇਕ ਦਿੱਤੇ ਤੇ ਗੋਲ-ਮੋਲ, ਗੱਲਾਂ ਦਾ ਕੜਾਹ ਅਤੇ ਜਾਨ ਬਚਾਊ ਵਾਲਾ ਬਿਆਨ ਜਾਰੀ ਕਰ ਦਿੱਤਾ। ਇਹਦੇ ਨਾਲੋਂ ਤਾਂ ਨਾ ਹੀ ਬੋਲਦੇ ਤਾਂ ਚੰਗਾ ਸੀ ਘੱਟੋ-ਘੱਟ ਲਾਹਣਤਾਂ ਤਾਂ ਨਾ ਪੈਂਦੀਆਂ। ਅਖੌਤੀ ਅਕਾਲੀ ਕਦੇ ਵੀ ਸਹੀ ਸਮੇਂ ਤੇ ਸਹੀ ਫੈਸਲਾ ਨਾ ਲੈ ਸਕੇ ਤੇ ਹਮੇਸ਼ਾਂ ਸਿੱਖ ਕੌਮ ਦੀ ਪਿੱਠ ਵਿੱਚ ਛੁਰਾ ਖੋਭਦੇ ਹਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਰਾਮ ਮੰਦਰ ਬਾਰੇ ਸੁਖਬੀਰ ਬਾਦਲ ਦੇ ਪੱਤਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਪ੍ਰੈੱਸ ਬਿਆਨ ਦੀ ਸ਼ਬਦਾਵਲੀ ਇੱਕੋ ਜਿਹੀ ਰਲਦੀ-ਮਿਲਦੀ ਹੈ। ਇੱਕ ਪਾਸੇ ਸੁਖਬੀਰ ਬਾਦਲ ਦਾਅਵੇ ਕਰਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਵਿੱਚ ਕੋਈ ਦਖਲ-ਅੰਦਾਜ਼ੀ ਨਹੀਂ ਕਰਦਾ ਤੇ ਹੁਣ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰ ਨੇ ਇੱਕੋ ਜਿਹੀ ਨੀਤੀ ਕਿਉਂ ਅਪਣਾਈ ਹੈ ? ਹਿੰਦੁਤਵ ਨੂੰ ਵੰਗਾਰ ਹੀ ਨਹੀਂ ਸਕੇ, ਅਸਿੱਧੇ ਰੂਪ 'ਚ ਰਾਮ ਮੰਦਰ ਦੇ ਜਸ਼ਨ ਮਨਾ ਰਹੇ ਹਨ, ਮੁਬਾਰਕਾਂ ਦੇ ਰਹੇ ਹਨ। ਕੀ ਇਹਨਾਂ ਨੂੰ ਜੂਨ 1984 ਵਿੱਚ ਢੱਠਾ ਸ੍ਰੀ ਅਕਾਲ ਤਖਤ ਸਾਹਿਬ ਭੁੱਲ ਗਿਆ ਹੈ ? ਹਿੰਦਤੁਵੀਆਂ ਨੇ ਅੱਜ ਵੀ ਗੁਰਦੁਆਰਾ ਮਟਨ ਸਾਹਿਬ ਕਸ਼ਮੀਰ, ਗੁਰਦੁਆਰਾ ਡਾਂਗਮਾਰ ਸਾਹਿਬ ਸਿੱਕਮ, ਗੁਰਦੁਆਰਾ ਹਰਿ ਕੀ ਪਉੜੀ, ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ, ਗੁਰਦੁਆਰਾ ਮੰਗੂ ਮੱਠ, ਗੁਰਦੁਆਰਾ ਪਊਆ ਸਾਹਿਬ ਗਵਾਲੀਅਰ ਸਮੇਤ ਬੇਸ਼ੁਮਾਰ ਗੁਰਦੁਆਰਿਆਂ ਦੱਬੇ ਹੋਏ ਹਨ। ਸੁਖਬੀਰ ਬਾਦਲ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਵੀ ਕੋਈ ਸਟੈਂਡ ਨਹੀਂ ਲੈਣ ਦਿੱਤਾ। ਰਾਮ ਮੰਦਰ ਦੇ ਪ੍ਰੋਗਰਾਮ ਬਾਰੇ ਸੁਖਬੀਰ ਬਾਦਲ ਦੇ ਪੰਜਾਬ 'ਚ ਥਾਂ-ਥਾਂ 'ਤੇ ਬੋਰਡ ਲੱਗੇ ਹਨ।

## ਵਿਚਾਰ ਆਪੋ-ਆਪਣਾ

# ਰਾਮ ਚੰਦਰ ਦੀ ਗੱਲ ਵੀਹਵੀਂ ਸਦੀ ਦਾ ਇਕ ਸਭ ਤੋਂ ਵੱਡਾ ਝੂਠਾ ਪ੍ਰਪੰਚ

ਮੈਂ ਚਾਹੁੰਦਾ ਸੀ ਕਿ ਰਾਮ ਮੰਦਿਰ ਬਾਰੇ ਇਕ ਪੂਰੀ ਸੀਰੀਜ ਲਿਖੀ ਜਾਏ ਜੋ ਲਗਾਤਾਰ ਦਸ-ਵੀਹ ਕਿਸ਼ਤਾਂ ਚ ਆਪਾਂ ਸਾਂਝੀ ਕਰਦੇ, ਪਰ ਸਮੇਂ ਦੀ ਘਾਟ ਕਾਰਨ ਕੁਝ ਹੀ ਗੱਲਾਂ ਸਾਂਝੀਆਂ ਕਰਨੀਆਂ ਪੈ ਰਹੀਆਂ ਹਨ. ਤਾਂ ਜੋ ਅਸੀਂ ਘਟਨਾਕ੍ਰਮਾਂ ਨੂੰ ਸਮਝਦੇ ਹੋਏ ਇਸ ਸਮੁੱਚੇ ਵਰਤਾਰੇ ਨੂੰ ਸਮਝ ਸਕੀਏ।

1. ਅਯੁੱਧਿਆ ਵਿਚ ਰਾਮ ਚੰਦਰ ਦੀ ਗੱਲ ਵੀਹਵੀਂ ਸਦੀ ਦਾ ਇਕ ਸਭ ਤੋਂ ਵੱਡਾ ਝੂਠਾ ਪ੍ਰਪੰਚ ਸੀ, ਜਿਸ ਨੂੰ ਵਿਸ਼ਵ ਹਿੰਦੂ ਪਰਿਸ਼ਦ ਅਤੇ ਬੀਜੇਪੀ ਨੇ ਰਲ਼ ਕੇ ਸੱਤਾ ਸੁੱਖ ਹਾਸਲ ਕਰਨ ਲਈ ਫੈਲਾਇਆ. ਆਮ ਹੀ ਕਿਹਾ ਜਾਂਦਾ ਹੈ ਕਿ ਨੱਬੇਵਿਆਂ ਦੇ ਦੌਰ ਵਿਚ ਅਸ਼ੋਕ ਸਿੰਘਲ ਅਤੇ ਲਾਲ ਕ੍ਰਿਸ਼ਨ ਅਡਵਾਨੀ ਤੋਂ ਬਿਨਾਂ ਰਾਮ-ਲੱਲਾ ਦੀ ਗੱਲ ਕਰਨ ਵਾਲਾ ਤੀਜਾ ਕੋਈ ਬੰਦਾ ਨਹੀਂ ਸੀ. ਇਨ੍ਹਾਂ ਦੋਵਾਂ ਨੇ ਰਾਮ ਦਾ ਸਿਆਸੀਕਰਨ ਕਰਦੇ ਹੋਏ, ਉਸ ਨੂੰ ਹਿੰਦੂ ਪ੍ਰਤਿਸ਼ਠਤਾ ਨਾਲ ਜੋੜਿਆ ਤੇ ਫਿਰ ਜੋ ਕੁਝ ਹੋਇਆ, ਉਹ ਇਤਿਹਾਸ ਦੇ ਪਾਠ ਦੇ ਰੂਪ ਵਿਚ ਸਾਡੇ ਸਭ ਦੇ ਸਾਹਮਣੇ ਹੈ.

2. ਰਾਮ ਮੰਦਿਰ ਲਈ ਇਕ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ ਆਰਐੱਸਐੱਸ ਦੀ ਸ਼ਾਖ਼ਾ ਵਿਸ਼ਵ ਹਿੰਦੂ ਪਰਿਸ਼ਦ ਦਾ ਗਠਨ ਸਾਲ 1964 ਵਿਚ ਹੋਇਆ ਸੀ ਤੇ ਕਮਾਲ ਦੀ ਗੱਲ ਇਹ ਹੈ ਕਿ 1984 ਤਕ ਉਸ ਦੇ ਕਿਸੇ ਵੀ ਮਤੇ ਜਾਂ ਪ੍ਰਸਤਾਵ ਅੰਦਰ ਰਾਮ ਮੰਦਰ ਦਾ ਨਾ ਤਾਂ ਕੋਈ ਮੁੱਦਾ ਸੀ ਤੇ ਨਾ ਹੀ ਕਿਸੇ ਕਿਸਮ ਦੀ ਮੰਗ ਜਾਂ ਅੰਦੋਲਨ ਕਰਨ ਦੀ ਨੀਤੀ. ਇਹੀ ਨਹੀਂ ਸਾਲ 1989 ਤਕ ਬੀਜੇਪੀ ਵੀ ਰਾਮ ਮੰਦਰ ਜਾਂ ਰਾਮ-ਲੱਲਾ ਜਿਹੇ ਸਵਾਲਾਂ ਤੋਂ ਕੋਹਾਂ ਦੂਰ ਸੀ. ਪਰ ਜਿਉਂ ਹੀ ਅਡਵਾਨੀ ਤੇ ਸਿੰਘਲ ਨੇ ਇਸ ਮੁੱਦੇ ਵਿਚੋਂ ਭਾਰਤੀ ਸਿਆਸਤ ਦੀ ਕਾਮਯਾਬੀ ਦੇ ਚਿੰਨ੍ਹ ਪਹਿਚਾਣੇ, ਅਡਵਾਨੀ ਦੀ ਰੱਥ ਯਾਤਰਾ ਨੇ ਰਾਮ ਮੰਦਰ ਲਈ ਮਾਹੌਲ ਬਣਾਉਣ ਦਾ ਨਿਰਨਾ ਕਰ ਲਿਆ.

3. 22-23 ਦਸੰਬਰ 1949 ਦੀ ਅੱਧੀ ਰਾਤ ਜਦੋਂ ਬਾਬਰੀ ਮਸਜਿਦ ਦੇ ਉਜਾੜ ਵਿਚ ਰਾਮ-ਲੱਲਾ ਦੀ ਮੂਰਤੀ ਪ੍ਰਗਟ ਹੋਣ ਦਾ ਹਿੰਦੂਤਵੀਆਂ ਵੱਲੋਂ ਝੂਠਾ ਪ੍ਰਾਪੇਗੰਡਾ ਕੀਤਾ ਗਿਆ ਉਦੋਂ ਅਯੁੱਧਿਆ ਵਾਸੀਆਂ ਦਾ ਇਕ ਹਿੱਸਾ ਭਲੀਭਾਂਤ ਜਾਣਦਾ ਸੀ ਕਿ ਇਹ ਮੂਰਤੀ ਕਿਸੇ ਤਰੀਕੇ ਨਾਲ ਪ੍ਰਗਟ ਨਹੀਂ ਹੋਈ, ਬਲਕਿ 50-60 ਹਿੰਦੂਆਂ ਦੀ ਭੀੜ ਦੁਆਰਾ ਜ਼ਬਰਦਸਤੀ ਰੱਖੀ ਗਈ ਸੀ ਤੇ ਬਾਅਦ ਵਿਚ ਸਪੀਕਰਾਂ ਰਾਹੀਂ ਇਹ ਪ੍ਰਚਾਰ ਕੀਤਾ ਗਿਆ ਕਿ ਭਗਵਾਨ ਰਾਮ ਅਯੁੱਧਿਆ ਵਿਚ ਪ੍ਰਗਟ ਹੋਏ ਹਨ. ਹਿੰਦੂ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਣ. ਇਸ ਬਾਰੇ ਬਕਾਇਦਾ ਇਕ ਕੇਸ ਧਾਰਾ 215/1949, ਧਾਰਾ 147/295/448 ਦੇ ਤਹਿਤ ਥਾਣਾ ਕੋਤਵਾਲੀ ਅਯੁੱਧਿਆ ਵਿਚ ਮਿਤੀ 23.12.1949 ਨੂੰ ਦਰਜ ਹੋਇਆ ਸੀ. ਹਾਲਾਂਕਿ ਨਹਿਰੂ ਅਤੇ ਪਟੇਲ ਨੇ ਇਹ ਮੂਰਤੀਆਂ ਹਟਾਉਣ ਲਈ ਉਦੋਂ ਦੇ ਮੁੱਖ ਮੰਤਰੀ ਨੂੰ ਸੁਨੇਹੇ ਭੇਜੇ ਸਨ, ਪਰ ਕੇ.ਸੀ.ਪੰਤ ਕਾਰਨ ਉਹ ਅਮਲ ਚ ਨਾ ਆ ਸਕੇ ਤੇ ਉਸ ਦੇ ਅਧਾਰ ਤੇ ਹੀ ਫਿਰ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਬਣਾ ਦਿੱਤਾ ਗਿਆ.

4. ਇਹੀ ਨਹੀਂ, ਅਯੁੱਧਿਆ ਵਿਚ ਮੁਸਲਮਾਨਾਂ ਦੀ ਕਬਰਾਂ ਤਕ ਪੁੱਟੀਆਂ ਗਈਆਂ ਤੇ ਉਨ੍ਹਾਂ ਕਬਰਾਂ ਵਿਚ ਫਿਰ ਸ਼ਿਵ ਸਮੇਤ ਕਈ ਹਿੰਦੂ ਦੇਵਤਿਆਂ ਤੇ ਦੇਵੀਆਂ ਦੀ ਮੂਰਤੀਆਂ ਰੱਖੀਆਂ ਗਈਆਂ. ਇਹ ਵੀ ਗੱਲ ਚੱਲੀ ਕਿ ਅਯੁੱਧਿਆ ਵਿਚ ਕਿਸੇ ਵੀ ਲਾਸ਼ ਨੂੰ ਦਫਨਾਉਣ ਨਹੀਂ ਦਿੱਤਾ ਜਾਏਗਾ, ਜਿਸ ਕਾਰਨ ਕਈ ਮੁਸਲਿਮ ਲਾਸ਼ਾਂ ਬਿਨਾਂ ਦਫਨਾਏ ਹੀ ਉਡੀਕ ਚ ਕਈ ਦਿਨ ਤਕ ਪਈਆਂ ਰਹੀਆਂ, ਕਿਉਂਕਿ ਹਿੰਦੂਤਵੀ ਲੋਕ ਕਬਰਸਤਾਨਾਂ ਚ ਰਾਮਾਇਣ ਪਾਠ ਤੇ ਭੰਡਾਰੇ ਕਰ ਰਹੇ ਸਨ.

5. ਮਹੱਤਵਪੂਰਨ ਗੱਲ ਇਹ ਵੀ ਹੈ ਤੁਲਸੀਦਾਸ ਤੋਂ ਪਹਿਲਾਂ ਭਾਰਤ ਅੰਦਰ ਕੋਈ ਰਾਮ ਮੰਦਰ ਹੀ ਨਹੀਂ ਮਿਲਦਾ. ਵਾਲਮੀਕੀ ਰਮਾਇਣ ਦੇ ਬਦਲ ਵਜੋਂ ਤਿਆਰ ਕੀਤੀ ਗਈ ਤੁਲਸੀ ਰਮਾਇਣ ਦਾ ਇਕ ਸੱਚ ਇਹ ਵੀ ਹੈ ਕਿ ਜੇਕਰ ਬਾਬਰੀ ਮਸਜਿਦ ਬਾਬਰ ਨੇ ਰਾਮ ਮੰਦਰ ਢਾਹ ਕੇ ਬਣਾਈ ਹੁੰਦੀ ਤਾਂ ਰਾਮ ਭਗਤ ਤੁਲਸੀ ਦਾਸ ਨੂੰ ਇਹ ਗੱਲ ਲਿਖਣੀ ਚਾਹੀਦੀ ਸੀ. ਆਖਰ ਕਿਵੇਂ ਤੁਲਸੀ ਦਾਸ ਬਾਬਰ ਦੇ ਇਹ ਜ਼ੁਲਮ ਭੁੱਲ ਗਿਆ, ਜਦੋਂ ਕਿ ਤੁਲਸੀ ਦਾਸ ਬਾਬਰ ਦਾ ਲਗਭਗ ਸਮਕਾਲੀ ਹੀ ਨਹੀਂ, ਬਲਕਿ ਉਸ ਦੇ ਕਾਲ ਨੂੰ ਵੇਖ ਵੀ ਰਿਹਾ ਸੀ. ਇਸ ਗੱਲ ਦਾ ਜਵਾਬ ਸ਼ਾਇਦ ਹੀ ਕਿਸੇ ਹਿੰਦੂ ਕੋਲ ਹੋਏ ਕਿ ਜਿਸ ਲੇਖਕ ਦੇ ਹਵਾਲੇ ਨਾਲ ਉਨ੍ਹਾਂ ਨੇ ਵਾਲਮੀਕੀ ਦੇ ਉਲਟ ਰਾਮ ਨੂੰ "ਭਗਵਾਨ" ਬਣਾ ਲਿਆ ਉਸ ਲੇਖਕ ਨੇ ਉਸੇ ਭਗਵਾਨ ਨਾਲ ਹੋਏ ਹਕੂਮਤੀ ਅਨਿਆਂ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ. ਕਿਉਂਕਿ ਬਾਬਰ ਦੀ ਮੌਤ 1530 ਵਿਚ ਹੁੰਦੀ ਹੈ ਤੇ ਤੁਲਸੀ ਦਾਸ ਦਾ ਸਮਾਂ ਕਾਲ 1511-1623 ਦਾ ਹੈ.

ਕਹਿਣ ਦਾ ਭਾਵ ਜਿਸ ਪ੍ਰਕਾਰ ਮੁਸਲਿਮ ਪੱਖ ਨੇ ਅਯੁੱਧਿਆ ਵਿਵਾਦ ਦੌਰਾਨ ਇਹ ਦਾਅਵਾ ਕੀਤਾ ਸੀ ਕਿ ਜੇਕਰ 1850 ਈਸਵੀ ਤੋਂ ਪਹਿਲਾਂ ਕਿਸੇ ਵੀ ਲਿਖਤ ਅੰਦਰ ਇਹ ਜ਼ਿਕਰ ਮਿਲਦਾ ਹੈ ਕਿ ਬਾਬਰੀ ਮਸਜਿਦ ਰਾਮ ਮੰਦਰ ਨੂੰ ਢਾਹ ਕੇ ਬਣਾਈ ਗਈ ਸੀ ਤਾਂ ਉਹ ਖੁਦ ਹੀ ਇਹ ਮਸਜਿਦ ਡੇਗ ਦੇਣਗੇ, ਕਿਉਂਕਿ ਅਜਿਹਾ ਕਰਨਾ ਇਸਲਾਮ ਦੇ ਖਿਲਾਫ ਹੈ, ਅਜਿਹੀ ਗੱਲ ਹਿੰਦੂ ਪੱਖ ਅੱਜ ਤਕ ਨਹੀਂ ਕਰ ਸਕਿਆ, ਬਲਕਿ ਉਸ ਨੇ ਲਗਾਤਾਰ ਰਾਜਨੀਤਕਾਂ ਦੇ ਸੱਤਾ ਤੰਤਰ ਰਾਹੀਂ ਹੀ ਇਸ ਮਸਲੇ ਨੂੰ ਪ੍ਰਾਣ ਪ੍ਰਤਿਸ਼ਠਤਾ ਤੱਕ ਲਿਆਂਦਾ ਹੈ. ਉਨ੍ਹਾਂ ਕੋਲ ਹੋਰ ਕੋਈ ਦੂਜਾ ਸੱਚ ਨਹੀਂ.

ਵੈਸੈ ਵੀ ਕੀ ਹਿੰਦੂ ਇਸ ਗੱਲ ਤੋਂ ਤੱਥਾਂ ਤੇ ਸਬੂਤਾਂ ਦੇ ਹਵਾਲੇ ਨਾਲ ਮੁਨਕਰ ਹੋ ਸਕਦੇ ਕਿ ਰਾਮ ਮੰਦਰ ਇਕ ਰਾਜਨੀਤਿਕ ਅਤੇ ਵੋਟ-ਤੰਤਰ ਦੇ ਨਜ਼ਰੀਏ ਤੋਂ ਪੈਦਾ ਕੀਤਾ ਗਿਆ ਮੁੱਦਾ ਹੈ, ਜਿਸ ਨੂੰ ਹਿੰਦੂ ਭਾਵਨਾਵਾਂ ਨਾਲ ਜੋੜ ਕੇ ਆਰਐੱਸਐੱਸ ਤੇ ਉਸ ਦੀਆਂ ਸਾਖ਼ਾਵਾਂ ਨੇ ਰਾਸ਼ਟਰਵਾਦ ਦੇ ਨਵੇਂ ਪਛਾਣ-ਚਿੰਨ੍ਹ ਵਜੋਂ ਸਥਾਪਿਤ ਕਰ ਲਿਆ ਹੈ ?

ਜੋ ਵੀ ਹੈ ਇਹ ਸਾਰਾ ਘਟਨਾਕ੍ਰਮ ਸਿੱਖਾਂ ਲਈ ਬਹੁਤ ਅਹਿਮੀਅਤ ਰੱਖਦਾ ਹੈ, ਪਰ ਇਸ ਅਹਿਮੀਅਤ ਨੂੰ ਸਮਝਣ ਤੇ ਉਸ ਦੀ ਗੱਲ ਕਰਨ ਲਈ ਅਜੇ ਸ਼ਾਇਦ ਉਨ੍ਹਾਂ ਨੂੰ ਸਮਾਂ ਲੱਗੇਗਾ।

**-ਪਰਮਿੰਦਰ ਸਿੰਘ ਸ਼ੌਂਕੀ**